ਮਾਸਿਕ ੴ ਪੱਤਰ


ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਲੁਧਿਆਣਾ

MONTHLY **SURA** LUDHIANA

ਦਸੰਬਰ ੧੯੯੬ December 1996



ਗੁਰਦੁਆਰਾ ਰਕਾਬਗੰਜ ਸਾਹਿਬ, ਦਿੱਲੀ
ਜਿੱਥੇ ਗੁਰੂ ਤੇਗ ਬਹਾਦਰ ਜੀ ਦੇ ਧੜ ਦਾ ਸਸਕਾਰ ਲੱਖੀ ਸ਼ਾਹ ਨੇ ਜਾਨ ਹੀਲ ਕੇ ਕੀਤਾ

www.AKJ.Org

# ਗੁਰਸਿਖ ਮੀਤ ਚਲਹੁ ਗੁਰ ਚਾਲੀ

## ਤਤਕਰਾ


੧. ਅੰਮ੍ਰਿਤ ਬਾਣੀ ਹਰਿ ਹਰਿ ਤੇਰੀ ੧
੨. ਅਰਥ ਵਿਆਖਿਆ ੨
੩. ਹਰਿ ਕੀਰਤਨ ੪
੪. ਸਰਬ ਰੋਗ ਕਾ ਅਉਖਦੁ ਨਾਮੁ ੬
੫. ਅਨੰਦ ਸਾਹਿਬ ਦੇ ਉਚਾਰਣ-ਹਾਰ ਗੁਰੂ ਕਵੀ ਦਾ ਸਿਧਾਂਤਕ ਪਿਛੋਕੜ ੧੦
੬. ਸਤਿਗੁਰੂ ਨਾਨਕ ਪ੍ਰਗਟਿਆ ੧੪
੭. ਗੁਰੂ ਤੇਗ ਬਹਾਦਰ ਜੀ ਦੀ ਲਾਮਿਸਾਲ ਸ਼ਹੀਦੀ ੧੮
੮. ਕਿਨਕਾ ਏਕ ਜਿਸ ਜੀਅ ਬਸਾਵੈ ੨੧
੯. ਸਲਤਨਤਿ ਨਹਮ
੧੦. ਬਾਬਾ ਨਾਨਕ ਤੇ ਸਮਾਜ
੧੧. ਜੈਤਸਰੀ ਕੀ ਵਾਰ (੬) ੨
੧੨. ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਤੇ ਅਸੀਂ ੨
੧੩. SIKHS AND TEMPLES ੩੦
੧੪. ਤੰਦਰੁਸਤੀ ਲਈ ਕੁਝ ਨੁਕਤੇ ੩੩
੧੫. ਅਮਰ ਸ਼ਹਾਦਤ ੩੫
੧੬. ਵੇਦਾ ਮਹਿ ਨਾਮੁ ਉਤਮ...... ੩੮


## ਗੁਰਪੁਰਬ ਤੇ ਇਤਿਹਾਸਕ ਦਿਹਾੜੇ

ਗੁਰਿਆਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ੧੩ ਦਸੰਬਰ
ਸ਼ਹੀਦੀ ਜੋੜ ਮੇਲਾ ਚਮਕੌਰ ਸਾਹਿਬ............ ਵੱਡੇ ਸਾਹਿਬਜ਼ਾਦੇ ੨੨ ਦਸੰਬਰ

ਸ਼ਹੀਦੀ ਸ੍ਰੀ ਗੁਰੂ ਤੇਗ ਬਹਾਦਰ ਜੀ ੧੫ ਦਸੰਬਰ
ਸ਼ਹੀਦੀ ਜੋੜ ਮੇਲਾ ਫਤਿਹਗੜ੍ਹ ਸਾਹਿਬ........... ਛੋਟੇ ਸਾਹਿਬਜ਼ਾਦੇ ੨੬-੨੮ ਦਸੰਬਰ

## ਸੂਰਾ ਦੇ ਚੰਦੇ ਤੇ ਬਕਾਏ ਜਮ੍ਹਾਂ ਕਰਵਾ ਕੇ ਰਸੀਦ ਲਵੋ ਜੀ

੧. ਲੁਧਿਆਣਾ – ਸਬ ਆਫ਼ਿਸ "ਸੂਰਾ"- ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ, ਲੁਧਿਆਣਾ।
੨. ਜਲੰਧਰ – ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਂਕ ਪੰਜ ਪੀਰ।
੩. ਹੁਸ਼ਿਆਰਪੁਰ – ਭਾਈ ਹਰਿਮੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਿਮੰਦਰ ਸਿੰਘ, ਬੈਂਕ ਬਾਜ਼ਾਰ।
੪. ਪਟਿਆਲਾ – ਭਾਈ ਆਸਾ ਸਿੰਘ ਐਂਡ ਸੰਨਜ਼, ਨੇੜੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ।
੫. ਚੰਡੀਗੜ੍ਹ ਤੇ ਮੋਹਾਲੀ – ਭਾਈ ਫੌਜਿੰਦਰ ਸਿੰਘ ਜੀ, ੫੩੩/੩ –ਏ ਫ਼ੇਜ਼ ਐਸ. ਏ. ਐਸ. ਨਗਰ, ਮੋਹਾਲੀ।
੬. ਕਪੂਰਥਲਾ – ਭਾਈ ਚਰਨਪਾਲ ਸਿੰਘ, ਸਿੰਘ ਆਰਟਸ, ਨੇੜੇ ਸਟੇਟ ਗੁਰਦੁਆਰਾ ਸਾਹਿਬ।
੭. ਸਾਰੇ ਸਮਾਗਮਾਂ ਸਮੇ – ਭਾਈ ਬਲਵੰਤ ਸਿੰਘ ਖ਼ਾਲਸਾ, ਗਲੀ ਨੰ: ੨, ਕਾਸ਼ੀ ਨਗਰ, ਫਿਰੋਜ਼ਪੁਰ ਸ਼ਹਿਰ।
੮. ਬਠਿੰਡਾ – ਭਾਈ ਬਘੇਲ ਸਿੰਘ (ਗੋਬਿੰਦ ਸਿੰਘ) ਜੀ, ਮਕਾਨ ਨੰ: ੭੮੧੯. ਨੇੜੇ ਡੰਗਰਾਂ ਦਾ ਹਸਪਤਾਲ।
੯. ਮੋਗਾ – ਭਾਈ ਪਰਮਿੰਦਰ ਸਿੰਘ ਜੀ, ਪੁਰਾਣਾ ਗੁਲਾਬੀ ਬਾਗ ਜੀ. ਟੀ. ਰੋਡ ਫੋਨ: ੨੪੩੪੯, ੨੧੬੯੧
੧੦. ਅੰਮ੍ਰਿਤਸਰ – ਸਿੰਘ ਬ੍ਰਦਰਜ਼ ਬਾਜ਼ਾਰ ਮਾਈ ਸੇਵਾ (ਘੰਟਾ ਘਰ ਦੇ ਸਾਹਮਣੇ) ਫੋਨ: ੫੪੫੭੮੭ ਘਰ: ੨੩੧੫੨੦
੧੧. ਯਮੁਨਾਨਗਰ – ਸ੍ਰ: ਪਰਮਜੀਤ ਸਿੰਘ, ਮਦਰਾਸ ਹੈਂਡਲੂਮ, ਤੱਤਖਾਲਸਾ ਭਵਨ, ਜਗਾਧਰੀ ਰੋਡ ਪਿੰਨ ਕੋਡ-੧੩੫੦੦੧ ਫੋਨ: ੨੬੨੧੭
੧੨. ਸੰਗਰੂਰ – ਭਾਈ ਤ੍ਰਿਲੋਚਨ ਸਿੰਘ ਜੀ, ਪਿੰਡ ਉਪੋਕੀ, ਡਾਕਖਾਨਾ ਮਲੇਰਕੋਟਲਾ।
੧੩. ਫਗਵਾੜਾ – ਮਾ: ਗੁਰਦਿਆਲ ਸਿੰਘ ਜੀ,

ਸੂਚਨਾ – ਹਰ ਐਤਵਾਰ 'ਸੂਰਾ' ਦੇ ਚੰਦੇ ਸਿੱਖ ਮਿਸ਼ਨਰੀ ਕਾਲਜ ਦੇ ਸਟਾਲ, ਗੁ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿਖੇ।

24381

### ਵਿਦੇਸ਼ਾਂ ਵਿੱਚ ਚੰਦੇ ਤੇ ਹੋਰ ਰਕਮਾਂ ਜਮ੍ਹਾਂ ਕਰਾਉਣ ਲਈ ਸੰਪਰਕ ਕਰੋ

੧. ਇੰਗਲੈਂਡ – ਭਾਈ ਗੁਰਨਾਮ ਸਿੰਘ ਜੀ ੧੦–Lambourne Gardens, Earley Reading, Berks U.K. Tel. ੦੧੭੩੪-੨੬੭੯੦੦
੨. ਅਮਰੀਕਾ – ਭਾਈ ਜੀਵਨ ਸਿੰਘ ਜੀ, ਗੁਰਦੀਪ ਸਿੰਘ ਜੀ, ਫੋਨ : ੧੮੦੦੭੨੨੬੨੧੨
੩. ਕੈਨੇਡਾ – ਭਾਈ ਰਿਪੁਦਮਨ ਸਿੰਘ ਜੀ ਮਲਿਕ, ਫੋਨ : ੧੮੦੦੬੬੩੦੨੨੪.
੪. ਆਸਟਰੇਲੀਆ – ਭਾਈ ਪਰਸ਼ੋਤਮ ਸਿੰਘ ਜੀ, ਫੋਨ : ੦੬੧੮੬੩੪੮੪੧.
੫. ਨੀਊਜ਼ੀਲੈਂਡ – ਭਾਈ ਮਹਿੰਦਰ ਸਿੰਘ ਜੀ, ਫੋਨ : ੦੯੨੭੦੨੭੫੫.

## ਫ੍ਰੀ ਲਿਟਰੇਚਰ ਫੰਡ ਵਿੱਚ ਆਪਣਾ ਹਿੱਸਾ ਪਾਓ ਜੀ

ਗੁਰਮਤਿ ਪ੍ਰਚਾਰ ਨੂੰ ਮੁੱਖ ਰੱਖਦਿਆਂ ਫ੍ਰੀ ਲਿਟਰੇਚਰ ਫੰਡ ਵਿੱਚ ਆਪਣੀ ਕਮਾਈ ਦਾ ਦਸਵੰਧ ਜਮ੍ਹਾਂ ਕਰਵਾ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਨੋਟ :- ਮਾਇਆ 'ਸੂਰਾ' ਦੇ ਸਬ-ਆਫ਼ਿਸ, ਗੁ: ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ-2 ਜਾਂ 'ਸੂਰਾ' ਦੇ ਕਿਸੇ ਵੀ ਸਟਾਲ ਤੇ ਜਮ੍ਹਾਂ ਕਰਵਾ ਕੇ ਰਸੀਦ ਲਵੋ ਜੀ।


ਡਿਜ਼ਾਈਨ ਕਰਾਫਟ ਗਿੱਲ ਰੋਡ ਲੁਧਿਆਣਾ ਤੋ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋ ੧੨-ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋ ਪ੍ਰਕਾਸ਼ਤ ਕੀਤਾ।
ਕੰਪਿਊਟਰ ਟਾਈਪ ਸੈਟਿੰਗ : ਮਾਈਕਰੋਨਿਕਸ ਕੰਪਿਊਟਰਜ ਇੰਡੀਆ, ਡੀ-੯੩, ਬਲਾਕ ੧੬, ਪਾਹਵਾ ਰੋਡ, ਲੁਧਿਆਣਾ।


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ।

ਜਿਲਦ ੩੦
ਦਸੰਬਰ ੧੯੯੬
ਅੰਕ ੧੨

# ਸੂਰਾ

SURA MONTHLY

ਅਖੰਡ ਕੀਰਤਨੀ ਜੱਥੇ ਵਲੋਂ
ਨਿਰੋਲ ਗੁਰਮਤਿ ਮਾਸਿਕ ਪੱਤਰ

ਸਾਲਾਨਾ ਚੰਦਾ — ਦੇਸ਼ : ੩੦.੦੦, ਵਿਦੇਸ਼ :ਸਮੁੰਦਰੀ ਡਾਕ......੧੦੦.੦੦, ਹਵਾਈ ਡਾਕ........੩੦੦.੦੦
ਅਮਾਨਤੀ ਲਾਈਫ ਮੈਂਬਰਸ਼ਿਪ — ਦੇਸ਼ :੩੦੦.੦੦, ਵਿਦੇਸ਼ :ਸਮੁੰਦਰੀ ਡਾਕ...੧,੦੦੦.੦੦, ਹਵਾਈ ਡਾਕ.....੩,੦੦੦.੦੦
ਚੰਦਾ ਭੇਜਣ ਦਾ ਪਤਾ — 'ਸੂਰਾ' ਮਾਸਿਕ ਪੱਤਰ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ – ੧੪੧੦੦੨ (ਇੱਕ ਕਾਪੀ .... ੩.੦੦)

*ਅੰਮ੍ਰਿਤ ਬਾਣੀ ਤਤੁ ਹੈ ਗੁਰਮੁਖਿ ਵਸੈ ਮਨਿ ਆਇ।।*
*ਹਿਰਦੈ ਕਮਲੁ ਪਰਗਾਸਿਆ ਜੋਤੀ ਜੋਤਿ ਮਿਲਾਇ।।੨੫।।*

(ਸਲੋਕ ਮ: ੪, ਪੰਨਾ ੧੪੨੪)

## ਅੰਮ੍ਰਿਤ ਬਾਣੀ ਹਰਿ ਹਰਿ ਤੇਰੀ।।
## ਸੁਣਿ ਸੁਣਿ ਹੋਵੈ ਪਰਮ ਗਤਿ ਮੇਰੀ।।

ਅੰਮ੍ਰਿਤ ਬਾਣੀ ਹਰਿ ਹਰਿ ਤੇਰੀ।। ਸੁਣਿ ਸੁਣਿ ਹੋਵੈ ਪਰਮ ਗਤਿ ਮੇਰੀ।।
ਜਲਨਿ ਬੁਝੀ, ਸੀਤਲ ਹੋਇ ਮਨੂਆ, ਸਤਿਗੁਰ ਕਾ ਦਰਸ਼ਨ ਪਾਇ ਜੀਉ।।੧।।
ਸੂਖੁ ਭਇਆ, ਦੂਖੁ ਦੂਰਿ ਪਰਾਨਾ। ਸੰਤ ਰਸਨ ਹਰਿਨਾਮ ਵਖਾਨਾ।।
ਜਲ ਥਲ ਨੀਰਿ ਭਰੇ ਸਰ ਸੁਭਰ, ਬਿਰਥਾ ਕੋਇ ਨ ਜਾਏ ਜੀਉ।।੨।।
ਦਇਆ ਧਾਰੀ ਤਿਨਿ ਸਿਰਜਨਹਾਰੇ।। ਜੀਅ ਜੰਤ ਸਗਲੇ ਪ੍ਰਤਿਪਾਰੇ।।
ਮਿਹਰਵਾਨ ਕਿਰਪਾਲ ਦਇਆਲਾ, ਸਗਲੇ ਤ੍ਰਿਪਤਿ ਅਘਾਏ ਜੀਉ।।੩।।
ਵਣੁ ਤ੍ਰਿਣੁ ਤ੍ਰਿਭਵਣੁ ਕੀਤੋਨੁ ਹਰਿਆ।। ਕਰਣਹਾਰਿ ਖਿਨ ਭੀਤਰਿ ਕਰਿਆ।।
ਗੁਰਮੁਖਿ ਨਾਨਕ ਤਿਸੈ ਅਰਾਧੇ, ਮਨ ਕੀ ਆਸ ਪੁਜਾਏ ਜੀਉ।।੪।।੨੩।।੩੦।।

(ਮਾਝ ਮ: ੫, ਪੰਨਾ ੧੦੩)

ਪਦ ਅਰਥ :– ਅੰਮ੍ਰਿਤ–ਆਤਮਕ ਜੀਵਨ ਦੇਣ ਵਾਲੀ, ਅਮਰ ਕਰਨ ਵਾਲੀ। ਸੁਣਿ ਸੁਣਿ–ਮੁੜ ਮੁੜ ਸੁਣ ਕੇ। ਪਰਮ ਗਤਿ–ਸਭ ਤੋਂ ਉਚੀ ਅਵਸਥਾ। ਜਲਨ–ਸੜਨ। ਸੀਤਲੁ–ਠੰਡਾ, ਸ਼ਾਂਤ। ਪਾਇ–ਪਾ ਕੇ।੧।

ਪਰਾਨਾ–ਨੱਸ ਗਿਆ। ਸੰਤ ਰਸਨ–ਗੁਰੂ ਦੀ ਜੀਭ ਨੇ। ਵਖਾਨਾ–ਉਚਾਰਿਆ। ਜਲ ਥਲ–ਟੋਏ ਟਿੱਬੇ। ਨੀਰਿ–ਪਾਣੀ ਨਾਲ। ਸਰ–ਸਰੋਵਰ, ਤਾਲਾਬ। ਸੁਭਰ–ਨਕਾ ਨਕ। ਬਿਰਥਾ–ਖਾਲੀ, ਸੱਖਣਾ।੨।

ਤਿਨਿ–ਉਸ ਨੇ। ਸਿਰਜਨਹਾਰੇ–ਸਿਰਜਨਹਾਰ (ਕਰਤਾ ਪੁਰਖੁ) ਨੇ। ਪ੍ਰਤਿਪਾਰੇ–ਰੱਖਿਆ ਕੀਤੀ। ਸਗਲੇ–ਸਾਰੇ। ਤ੍ਰਿਪਤਿ ਅਘਾਏ–ਪੂਰਨ ਤੌਰ ਤੇ ਰੱਜ ਗਏ।੩।

ਵਣੁ–ਜੰਗਲ। ਤ੍ਰਿਣੁ–ਘਾਹ ਦਾ ਤੀਲਾ। ਤ੍ਰਿਭਵਣੁ–ਤ੍ਰਿਵਨੀ ਜਗਤ, ਤਿੰਨਾ ਭਵਨਾਂ (ਧਰਤ, ਪਤਾਲ, ਅਕਾਸ਼) ਵਾਲਾ ਜਗਤ। ਕੀਤੋਨੁ–ਉਸ ਨੇ ਕਰ ਦਿਤਾ। ਖਿਨ ਭੀਤਰਿ–ਪਲ ਵਿਚ। ਗੁਰਮੁਖਿ–ਗੁਰੂ ਦੀ ਸ਼ਰਨ ਪੇ ਕੇ। ਤਿਸੈ– ਉਸ ਪ੍ਰਭੂ ਨੂੰ।



www.AKJ.Org

# ਅਰਥ ਵਿਆਖਿਆ

ਅਰਥ :- ਹੇ ਹਰੀ ! ਤੇਰੀ ਸਿਫਤਿ-ਸਲਾਹ ਦੀ ਬਾਣੀ ਆਤਮਕ ਜੀਵਨ ਦੇਣ ਵਾਲੀ ਹੈ। ਗੁਰੂ ਦੀ ਉਚਾਰੀ ਹੋਈ ਇਹ ਬਾਣੀ ਮੁੜ-ਮੁੜ ਸੁਣ ਕੇ ਮੇਰੀ ਆਤਮਕ ਅਵਸਥਾ ਬਣਦੀ ਜਾ ਰਹੀ ਹੈ। ਗੁਰੂ ਦਾ ਦਰਸ਼ਨ ਕਰ ਕੇ ਤ੍ਰਿਸ਼ਨਾ, ਈਰਖਾ ਆਦਿਕ ਦੀ ਜਲਨ ਬੁੱਝ ਜਾਂਦੀ ਹੈ, ਤੇ ਮਨ ਠੰਡਾ ਠਾਰ ਹੋ ਜਾਂਦਾ ਹੈ।੧।

ਗੁਰੂ ਦੀ ਜੀਭ ਨੇ ਜਦੋਂ ਪ੍ਰਭੂ ਦਾ ਨਾਮ ਉਚਾਰਿਆ, ਜਿਸ ਨੇ ਉਸ ਨੂੰ ਸੁਣਿਆ ਉਸ ਦੇ ਅੰਦਰ ਆਤਮਕ ਆਨੰਦ ਪੈਦਾ ਹੋ ਗਿਆ, ਉਸ ਦਾ ਦੁੱਖ ਦੂਰ ਭੱਜ ਗਿਆ। ਜਿਵੇਂ ਮੀਂਹ ਪੈਣ ਨਾਲ ਟੋਏ ਟਿੱਬੇ, ਤਾਲਾਬ ਸਭ ਪਾਣੀ ਨਾਲ ਨਕਾਨਕ ਭਰ ਜਾਂਦੇ ਹਨ ਤਿਵੇਂ ਗੁਰੂ ਦੇ ਦਰ ਤੇ ਪ੍ਰਭੂ-ਨਾਮ ਦਾ ਮੀਂਹ ਪੈਂਦਾ ਹੈ। ਜਿਹੜੇ ਵਡਭਾਗੀ ਮਨੁੱਖ ਗੁਰੂ ਦੀ ਸ਼ਰਨ ਆਉਂਦੇ ਹਨ ਉਨ੍ਹਾਂ ਦਾ ਮਨ, ਉਨ੍ਹਾਂ ਦੇ ਗਿਆਨ-ਇੰਦ੍ਰੇ ਸਭ ਨਾਮ-ਜਲ ਨਾਲ ਨਕਾਨਕ ਭਰ ਜਾਂਦੇ ਹਨ। ਉਨ੍ਹਾਂ ਦੀ ਤ੍ਰਿਪਤੀ ਹੋ ਜਾਂਦੀ ਹੈ।੨।

ਉਸ ਸਿਰਜਣਹਾਰ ਪ੍ਰਭੂ ਨੇ ਮਿਹਰ ਕਰ ਕੇ ਦੁਨੀਆਂ ਦੇ ਸਾਰੇ ਜੀਵਾਂ ਦੀ ਰਾਖੀ ਲਈ ਗੁਰੂ ਭੇਜਿਆ। ਮਿਹਰਵਾਨ, ਕ੍ਰਿਰਪਾਲ ਦਇਆਵਾਨ ਪ੍ਰਭੂ ਦੀ ਮਿਹਰ ਨਾਲ ਗੁਰੂ ਦੀ ਸ਼ਰਨ ਵਿੱਚ ਆਏ ਸਾਰੇ ਜੀਵ ਮਾਇਆ ਦੀ ਤ੍ਰੇਹ, ਭੁੱਖ ਵਲੋਂ ਪੂਰਨ ਤੌਰ ਤੇ ਰੱਜ ਗਏ।੩।

ਜਗਤ ਦੇ ਪੈਦਾ ਕਰਨ ਵਾਲੇ ਪ੍ਰਭੂ ਨੇ ਜਦੋਂ ਵਰਖਾ ਕੀਤੀ ਤਾਂ ਇਕ ਪਲ ਵਿੱਚ ਹੀ ਜੰਗਲ, ਘਾਹ ਤੇ ਸਾਰਾ ਤ੍ਰਿਵਨੀ ਜਗਤ ਹਰਾ ਕਰ ਦਿੱਤਾ। ਨਾਨਕ ਮੋਹਰ ਛਾਪ ਹੇਠ ਪੰਚਮ ਪਾਤਸ਼ਾਹ ਬਿਆਨ ਕਰਦੇ ਹਨ ਕਿ ਗੁਰੂ ਦੀ ਸ਼ਰਨ ਪੈ ਕੇ ਜਿਹੜਾ ਮਨੁੱਖ ਉਸ ਪਰਮਾਤਮਾ ਨੂੰ ਸਿਮਰਦਾ ਹੈ, ਪਰਮਾਤਮਾ ਉਸ ਦੀ ਆਸ ਪੂਰੀ ਕਰ ਦਿੰਦਾ ਹੈ ਭਾਵ ਉਸ ਨੂੰ ਸੰਸਾਰ ਦੀਆਂ ਆਸਾਂ, ਤ੍ਰਿਸ਼ਨਾ ਵਿੱਚ ਭਟਕਣੋਂ ਬਚਾ ਲੈਂਦਾ ਹੈ।੪।੨੩।੩੦।

ਵਿਆਖਿਆ :- "ਅੰਮ੍ਰਿਤ ਬਾਣੀ ਹਰਿ ਹਰਿ ਤੇਰੀ।"

ਸਤਿਗੁਰੂ ਦੀ ਉਚਾਰਨ ਕੀਤੀ ਹੋਈ ਬਾਣੀ ਧੁਰ ਕੀ ਬਾਣੀ ਹੈ। ਇਹ ਧੁਰ ਦਰਗਾਹ (ਸਚ ਖੰਡ) ਦੀ ਬਾਣੀ ਹੈ। ਇਹ ਅਕਾਲੀ ਬਾਣੀ ਹੈ। ਇਹ ਨਿਰੰਕਾਰ ਦਾ ਰੂਪ ਹੈ। ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ।। (ਪੰਨਾ ੫੧੫) ਇਹ *ਸਤਿ* ਵਿੱਚੋਂ ਆਈ ਸੱਚੀ ਬਾਣੀ ਹੈ। ਇਸ ਵਿੱਚ ਜੀਵ ਨੂੰ ਅਮਰ ਕਰਨ ਦੀ ਸ਼ਕਤੀ ਹੈ। ਇਹ ਅੰਮ੍ਰਿਤ ਬਾਣੀ ਹੈ, ਅਮਿਉ ਰਸ ਹੈ। ਜਿਹੜਾ ਵੀ ਮਨੁੱਖ ਇਸ ਨੂੰ ਪੜ੍ਹਦਾ ਜਾਂ ਗਾਉਂਦਾ ਹੈ ਮਾਨੋ ਉਹ ਆਪਣੇ ਮੂੰਹ ਵਿੱਚ ਅੰਮ੍ਰਿਤ ਪਾਉਂਦਾ ਹੈ ਜਿਸ ਦੇ ਭੁੰਚਣ ਨਾਲ ਉਸ ਦਾ ਤਨ ਮਨ ਹਰਿਆ ਹੋ ਜਾਂਦਾ ਹੈ, ਉਸ ਦੇ ਸਰੀਰਕ ਤੇ ਆਤਮਿਕ ਰੋਗ ਦੂਰ ਹੋ ਜਾਂਦੇ ਹਨ ਅਤੇ ਜੀਵਨ ਵਿੱਚ ਖੇੜਾ ਆ ਜਾਂਦਾ ਹੈ।

ਅੰਮ੍ਰਿਤ ਬਚਨ ਸਤਿਗੁਰ ਕੀ ਬਾਣੀ,
ਜੋ ਬੋਲੈ ਸੋ ਮੁਖਿ ਅੰਮ੍ਰਿਤੁ ਪਾਵੈ।।੨।।

(ਗੁਜਰੀ ਮ: ੪, ਪੰਨਾ ੪੯੪)

ਰੱਬੀ ਦਰਗਾਹ ਤੋਂ ਆਈ ਅੰਮ੍ਰਿਤ ਬਾਣੀ ਨੂੰ ਬਾਰ ਬਾਰ ਸੁਣਨ ਨਾਲ ਉੱਚੀ ਆਤਮਕ ਅਵਸਥਾ ਬਣ ਜਾਂਦੀ ਹੈ, ਇਸੇ ਕਰਕੇ ਸਤਿਗੁਰੂ ਜੀ ਕਹਿੰਦੇ ਹਨ-

ਸੁਣਿ ਵਡਭਾਗੀਆ ਹਰਿ
ਅੰਮ੍ਰਿਤ ਬਾਣੀ ਰਾਮ।।
ਜਿਨ ਕਉ ਕਰਮਿ ਲਿਖੀ,
ਤਿਸੁ ਰਿਦੈ ਸਮਾਣੀ ਰਾਮ।।
ਅਕਥ ਕਹਾਣੀ ਤਿਨੀ ਜਾਣੀ,
ਜਿਸੁ ਆਪਿ ਪ੍ਰਭੁ ਕਿਰਪਾ ਕਰੇ।।
ਅਮਰੁ ਥੀਆ, ਫਿਰਿ ਨ ਮੂਆ,
ਕਲਿ ਕਲੇਸਾ ਦੁਖ ਹਰੇ।।
ਹਰਿ ਸਰਣਿ ਪਾਈ, ਤਜਿ ਨ ਜਾਈ,
ਪ੍ਰਭ ਪ੍ਰੀਤਿ ਮਨਿ ਤਨਿ ਭਾਣੀ।।
ਬਿਨਵੰਤਿ ਨਾਨਕ ਸਦਾ ਗਾਈਐ
ਪਵਿਤ੍ਰ ਅੰਮ੍ਰਿਤ ਬਾਣੀ।।੩।।

(ਬਿਹਾਗੜਾ ਮ: ੫, ਪੰਨਾ ੫੪੫)

ਭਾਵ ਹੇ ਭਾਗਾਂ ਵਾਲੇ ! ਆਤਮਕ ਜੀਵਨ ਦੇਣ ਵਾਲੀ ਪ੍ਰਭੂ ਦੀ ਸਿਫ਼ਤ ਸਾਲਾਹ ਦੀ ਬਾਣੀ ਸਦਾ ਸੁਣਿਆ ਕਰ। ਇਹ ਬਾਣੀ ਉਸ ਵਡਭਾਗੀ ਦੇ ਹਿਰਦੇ ਵਿੱਚ ਵੱਸਦੀ ਹੈ ਜਿਨ੍ਹਾਂ ਦੇ ਮੱਥੇ ਉੱਤੇ ਪਰਮਾਤਮਾ ਦੀ ਮਿਹਰ ਨਾਲ ਇਸ ਦੀ ਪ੍ਰਾਪਤੀ ਦਾ ਲੇਖ ਲਿਖਿਆ ਹੁੰਦਾ ਹੈ। ਜਿਸ ਜਿਸ ਮਨੁੱਖ ਉੱਤੇ ਪ੍ਰਭੂ ਆਪ ਕਿਰਪਾ ਕਰਦਾ ਹੈ ਉਹ ਬੰਦੇ ਅਕਥ ਪ੍ਰਭੂ ਦੀ ਸਿਫ਼ਤ ਸਾਲਾਹ ਨਾਲ ਸਾਂਝ ਪਾਉਂਦੇ ਹਨ। ਅਜੇਹਾ ਮਨੁੱਖ ਅਟੱਲ ਆਤਮਕ ਜੀਵਨ ਵਾਲਾ ਹੋ ਜਾਂਦਾ ਹੈ, ਉਹ ਮੁੜ ਕਦੇ ਆਤਮਕ ਮੌਤ ਨਹੀਂ ਸਹੇੜਦਾ, ਉਹ ਆਪਣੇ ਅੰਦਰੋਂ ਸਾਰੇ ਦੁੱਖ, ਕਲੇਸ਼, ਝਗੜੇ ਦੂਰ ਕਰ ਲੈਂਦਾ ਹੈ। ਉਹ ਮਨੁੱਖ ਉਸ ਪਰਮਾਤਮਾ ਦੀ ਸ਼ਰਨ ਪ੍ਰਾਪਤ ਕਰ ਲੈਂਦਾ ਹੈ ਜਿਹੜਾ ਕਦੇ ਛੱਡ ਕੇ ਨਹੀਂ ਜਾਂਦਾ। ਉਸ ਮਨੁੱਖ ਦੇ ਮਨ ਵਿੱਚ, ਹਿਰਦੇ ਵਿੱਚ ਪ੍ਰਭੂ ਦੀ ਪ੍ਰੀਤ ਪਿਆਰੀ ਲੱਗਣ ਲੱਗ ਪੈਂਦੀ ਹੈ। ਪੰਚਮ ਪਾਤਸ਼ਾਹ ਫ਼ੁਰਮਾਨ ਕਰਦੇ ਹਨ ਕਿ ਹੇ


www.AKJ.Org

ਭਾਈ ! ਆਤਮਕ ਜੀਵਨ ਦੇਣ ਵਾਲੀ ਸਿਫ਼ਤ ਸਾਲਾਹ ਦੀ ਪਵਿੱਤ੍ਰ ਬਾਣੀ ਸਦਾ ਗਾਉਣੀ ਚਾਹੀਦੀ ਹੈ।

ਗੁਰੂ ਅਮਰਦਾਸ ਜੀ ਵੀ ਸੱਚੀ ਬਾਣੀ (ਧੁਰ ਕੀ ਬਾਣੀ) ਗਾਉਣ ਦੀ ਹੀ ਤਾਕੀਦ ਕਰਦੇ ਹਨ-

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ,
ਗਾਵਹੁ ਸਚੀ ਬਾਣੀ।।
ਬਾਣੀ ਤ ਗਾਵਹੁ ਗੁਰੂ ਕੇਰੀ,
ਬਾਣੀਆ ਸਿਰਿ ਬਾਣੀ।।
ਜਿਨ ਕਉ ਨਦਰਿ ਕਰਮੁ ਹੋਵੈ,
ਹਿਰਦੈ ਤਿਨਾ ਸਮਾਣੀ।।
ਪੀਵਹੁ ਅੰਮ੍ਰਿਤੁ, ਸਦਾ ਰਹਹੁ ਹਰਿ ਰੰਗਿ,
ਜਪਿਹੁ ਸਾਰਿਗਪਾਣੀ।।
ਕਹੈ ਨਾਨਕ, ਸਦਾ ਗਾਵਹੁ,
ਏਹ ਸਚੀ ਬਾਣੀ।।੨੩।। (ਅਨੰਦੁ ਸਾਹਿਬ)

ਗੁਰ ਸਿੱਖਾਂ ਵਾਸਤੇ ਗੁਰੂ ਸਾਹਿਬ ਦਾ ਆਦੇਸ਼ ਸੱਚੀ ਬਾਣੀ ਗਾਉਣ ਦਾ ਹੈ। "ਸਚੀ ਬਾਣੀ ਹਰਿ ਗੁਣ ਗਾਵੈ ਨਦਰੀ ਨਦਰਿ ਨਿਹਾਲਿ।।੩।।" (ਪੰਨਾ ੬੦੦) ਧੁਰ ਦਰਗਾਹੀ ਅੰਮ੍ਰਿਤ ਬਾਣੀ ਨੂੰ ਪ੍ਰੇਮ ਸਹਿਤ ਪੜ੍ਹਨ, ਸੁਣਨ ਤੇ ਗਾਉਣ ਨਾਲ ਸੱਚੇ ਸ਼ਹੁ (ਵਾਹਿਗੁਰੂ) ਨਾਲ ਪ੍ਰੀਤ ਬਣ ਆਵੇਗੀ। ਜਿਸ ਦੀ ਰਾਜਿਆਂ ਦੇ ਰਾਜੇ ਨਾਲ ਦੋਸਤੀ ਪੈ ਜਾਵੇਗੀ ਉਹ ਫਿਰ ਦੂਜਿਆਂ ਦਾ ਮੁਥਾਜ ਨਹੀਂ ਰਹੇਗਾ। ਉਸ ਦੇ ਸਾਰੇ ਡਰ ਭੈ ਚੁੱਕੇ ਜਾਣਗੇ, ਉਹ ਨਿਰਭੈ ਹੋ ਜਾਵੇਗਾ। ਜਮ ਜਾਗਾਤੀ ਵੀ ਉਸ ਕੋਲੋਂ ਕਾਂਪ ਖਾਣ ਲੱਗ ਪੈਣਗੇ।

ਜਿੱਥੇ ਸਤਿਗੁਰੂ ਜੀ ਨੇ ਸਾਨੂੰ *'ਸੱਚੀ ਬਾਣੀ'* ਗਾਉਣ ਦਾ ਆਦੇਸ਼ ਦਿੱਤਾ ਹੈ ਉੱਥੇ *'ਕੱਚੀ ਬਾਣੀ'* ਤੋਂ ਪਰਹੇਜ਼ ਕਰਨ ਦੀ ਵੀ ਹਦਾਇਤ ਕੀਤੀ ਹੈ। ਤੀਜੇ ਪਾਤਸ਼ਾਹ ਫੁਰਮਾਉਂਦੇ ਹਨ ਕਿ -

ਸਤਿਗੁਰੂ ਬਿਨਾ, ਹੋਰ ਕਚੀ ਹੈ ਬਾਣੀ।।
ਬਾਣੀ ਤ ਕਚੀ ਸਤਿਗੁਰੂ ਬਾਝਹੁ,
ਹੋਰ ਕਚੀ ਬਾਣੀ।।
ਕਹਦੇ ਕਚੇ, ਸੁਣਦੇ ਕਚੇ, ਕਚੀ ਆਖਿ ਵਖਾਣੀ।।
(ਅਨੰਦੁ ਸਾਹਿਬ)

ਸਤਿਗੁਰੂ ਦੀ ਉਚਾਰਨ ਕੀਤੀ ਹੋਈ ਅਕਾਲੀ (ਧੁਰ ਕੀ) ਬਾਣੀ ਹੀ ਸੱਚੀ ਬਾਣੀ ਹੈ। ਸੱਚੀ ਬਾਣੀ ਸਦਾ ਹੀ ਨਵੀਂ ਨਕੋਰ ਹੈ। ਇਹ ਸੰਸਾਰੀ ਕਵੀਆਂ ਦੀਆਂ ਰਚਨਾਵਾਂ ਵਾਂਗ ਕਦੇ ਪੁਰਾਣੀ ਨਹੀਂ ਹੁੰਦੀ, ਫਿੱਕੀ ਨਹੀਂ ਪੈਂਦੀ। ਬਾਰ ਬਾਰ ਪੜ੍ਹਨ ਤੇ ਗਾਉਣ ਨਾਲ ਇਹ ਵਧੇਰਾ ਰਸ ਪੈਦਾ ਕਰਦੀ ਹੈ। ਧੁਰ ਕੀ ਬਾਣੀ ਤੋਂ ਛੁੱਟ, ਗੁਰੂ ਆਸ਼ੇ ਤੋਂ ਉਲਟ ਹੋਰ ਸਭ ਬਾਣੀ ਕੱਚੀ ਹੈ। ਸੰਸਾਰੀ ਕਵੀਆਂ ਦੀਆਂ ਮਨਘੜਤ ਰਚਨਾਵਾਂ ਕੱਚੀ ਬਾਣੀ ਹੈ। ਉਨ੍ਹਾਂ ਨਾਲ ਪਿਆਰ ਪਾਇਆਂ ਜ਼ਿਆਦਾ ਤੋਂ ਜ਼ਿਆਦਾ ਉਹ ਤੁਹਾਨੂੰ ਉਸ ਕਵੀ ਦੇ ਘਰ ਤੱਕ ਹੀ ਪਹੁੰਚਾ ਸਕਣਗੀਆਂ, ਪਰ ਸੱਚੀ ਬਾਣੀ ਦੀ ਪ੍ਰੀਤ ਤੁਹਾਨੂੰ ਪ੍ਰਭੂ-ਪ੍ਰੀਤਮ ਦੇ ਦੇਸ ਲੈ ਜਾਵੇਗੀ। ਹੁਣ ਫੈਸਲਾ ਤੁਸੀਂ ਕਰਨਾ ਹੈ ਕਿ ਤੁਸੀਂ ਨਿਜ (ਆਪਣੇ) ਘਰ ਜਾਣਾ ਹੈ ਜਾਂ ਸੰਸਾਰੀ ਜੰਗਲ ਵਿੱਚ ਭੌਂਦੇ ਫਿਰਨਾ ਹੈ। ਕੀ ਤੁਸੀਂ ਛੱਪੜ ਦਾ ਪਾਣੀ ਮਿਲਿਆ ਦੁੱਧ ਪੀਣਾ ਹੈ ਜਾਂ ਖਾਲਸ ਦੁੱਧ ? ਜੇ ਖਾਲਸ ਦੁੱਧ ਪੀਣਾ ਚਾਹੁੰਦੇ ਹੋ ਤਾਂ ਸੱਚੀ ਬਾਣੀ ਗਾਵੋ ਸੁਣੋ ਜਿਸ ਸਦਕਾ *'ਸੱਚੇ ਦਰਬਾਰ'* ਨਾਲ ਗੰਢ ਪੈ ਜਾਵੇ। ਜੇ ਮਾਇਆ ਰਾਣੀ ਦੀ ਹੀ ਚਾਕਰੀ ਕਰਨੀ ਹੈ ਤਾਂ ਬੇਸ਼ਕ ਗੁਰੂ ਆਸ਼ੇ ਤੋਂ ਉਲਟ ਨਿਗੁਰੇ ਸਾਕਤਾਂ ਦੇ ਗੀਤ ਗਾਈ ਜਾਵੋ। ਪੰਚਮ ਪਾਤਸ਼ਾਹ ਤਾਂ ਇਹੋ ਅਰਦਾਸ ਕਰਦੇ ਹਨ -

ਮੇਰੇ ਮੋਹਨ ਸ੍ਰਵਨੀ ਇਹ ਨ ਸੁਨਾਏ।।
ਸਾਕਤ ਗੀਤ ਨਾਦ ਧੁਨਿ ਗਾਵਤ,
ਬੋਲਤ ਬੋਲ ਅਜਾਏ।।੧।।ਰਹਾਉ।। (ਪੰਨਾ ੮੨੦)

ਧੁਰ ਕੀ ਅੰਮ੍ਰਿਤ ਬਾਣੀ ਬਾਰ ਬਾਰ ਸੁਣਨ ਨਾਲ ਉਚੀ ਆਤਮਕ ਅਵਸਥਾ ਪ੍ਰਾਪਤ ਹੁੰਦੀ ਹੈ, ਮਾਇਆ ਦੇ ਮੋਹ ਵਿੱਚ ਸੜਿਆ ਬਲਿਆ ਮਨ ਠੰਡਾ ਠਾਰ ਹੋ ਜਾਂਦਾ ਹੈ ਅਤੇ ਸਤਿਗੁਰੂ ਦੇ ਪ੍ਰਤੱਖ ਦਰਸ਼ਨ ਹੋ ਜਾਂਦੇ ਹਨ। ਸਤਿਗੁਰੂ ਦੇ ਮੁਖਾਰਬਿੰਦ ਤੋਂ *'ਹਰਿਨਾਮੁ'* ਸੁਣ ਕੇ ਦੁੱਖ ਦੂਰ ਹੋ ਜਾਂਦੇ ਹਨ, ਸੁੱਖਾਂ ਦੀ ਪ੍ਰਾਪਤੀ ਹੋ ਜਾਂਦੀ ਹੈ। ਮੀਂਹ ਪੈਣ ਵਾਂਗ ਜਦੋਂ ਸਤਿਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਅੰਮ੍ਰਿਤ-ਨਾਮ ਦੀ ਵਰਖਾ ਹੁੰਦੀ ਹੈ ਤਾਂ ਗੁਰਮੁਖ ਪਪੀਹੇ ਤ੍ਰਿਪਤ ਹੋ ਜਾਂਦੇ ਹਨ। ਜਿਵੇਂ ਬਾਰਸ਼ ਕਾਰਨ ਟੋਏ ਟਿੱਬੇ, ਤਲਾਅ ਆਦਿ ਪਾਣੀ ਨਾਲ ਨੱਕੋ ਨੱਕ ਭਰ ਜਾਂਦੇ ਹਨ ਤਿਵੇਂ ਹੀ ਪਿਆਸੇ ਮਨਾਂ ਨੂੰ ਰੱਜ ਆ ਜਾਂਦਾ ਹੈ, ਕੋਈ ਵੀ ਸ਼ਰਨ ਆਇਆ ਮਨੁੱਖ ਪਿਆਸਾ ਨਹੀਂ ਰਹਿੰਦਾ। ਪ੍ਰਭੂ-ਪ੍ਰੀਤਮ ਜਦੋਂ ਦਇਆ ਦੇ ਘਰ ਆਉਂਦਾ ਹੈ ਤਾਂ ਸਾਰੇ ਪ੍ਰੇਮੀਆਂ ਦੀ ਪਿਆਸ ਬੁਝਾ ਦਿੰਦਾ ਹੈ। ਇੱਕ ਖਿਨ ਵਿੱਚ ਦਾਤਾਰ ਪ੍ਰਭੂ ਤ੍ਰਿਭਵਨ ਜਗਤ ਨੂੰ ਹਰਿਆ ਭਰਿਆ ਕਰ ਦਿੰਦਾ ਹੈ। ਗੁਰੂ ਦੀ ਸ਼ਰਨ ਪੈ ਕੇ ਜਿਹੜਾ ਮਨੁੱਖ ਪ੍ਰਭੂ ਦੀ ਅਰਾਧਨਾ ਕਰਦਾ ਹੈ, ਨਾਮ ਸਿਮਰਨ ਕਰਦਾ ਹੈ, ਪਰਮਾਤਮਾ ਉਸ ਦੇ ਮਨ ਦੀਆਂ ਸ਼ੁੱਭ ਇਛਾਵਾਂ ਪੂਰੀਆਂ ਕਰ ਦਿੰਦਾ ਹੈ। ੦੦੦੦੦


www.AKJ.Org

# ਹਰਿ ਕੀਰਤਨ

(ਭਾਈ ਸਾਹਿਬ ਰਣਧੀਰ ਸਿੰਘ ਜੀ)

ਕੇਵਲ ਗੁਰਬਾਣੀ ਦੇ ਕੀਰਤਨ ਨੂੰ ਹੀ *"ਹਰਿ ਕੀਰਤਨ"* ਦੀ ਪਦਵੀ ਪ੍ਰਾਪਤ ਹੈ। ਹਰੀ ਅਕਾਲ ਪੁਰਖ ਸਿਰਜਨਹਾਰ ਕਰਤਾਰ ਦੇ ਹਰਦਮ ਸਾਖਸ਼ਾਤ ਦੀਦਾਰ ਕਰਨਹਾਰੇ ਗੁਰੂ ਸਾਹਿਬਾਨ ਨੇ ਸਨਮੁਖ ਸਾਂਗੋ ਪਾਂਗ ਦਰਸ ਪਰਸ ਕੇ ਹੀ ਗੁਰਬਾਣੀ ਰੂਪੀ ਹਰਿ ਗੁਣ ਗਾਏ ਉਚਰੇ ਹਨ। ਤਾਂ ਹੀ ਇਹਨਾਂ ਗੁਣਾਂ ਦਾ ਗਾਵਣਾ ਹਰਿ-ਕੀਰਤਨ ਹੈ ਅਤੇ ਗੁਰਬਾਣੀ ਦੀ ਕਮਾਈ ਵਾਲੇ ਗੁਰਮੁਖ ਜਨਾਂ ਦਾ ਹਰਿ ਗੁਣ ਗਾਵਣਾ ਭੀ ਸਦਾ ਹਰਿ-ਕੀਰਤਨ ਕਰਨਾ ਹੈ। ਗੁਰ-ਭਗਤਿ-ਕਮਾਈ ਕੇਵਲ ਹਰਿ ਗੁਣ ਉਚਰੇ ਗਾਏ ਗੁਣਾਂ ਦੁਆਰਾ ਹੀ ਸੰਭਵ ਹੈ। ਸੁਣੇ ਸੁਣਾਏ ਗੋਬਿੰਦ ਗੁਣਾਂ ਨੂੰ ਕਲਪਤ ਕਥਨੀ ਦੁਆਰਾ ਗੁੰਫ ਕੇ ਗੀਤਾਂ ਦੀ ਸ਼ਕਲ ਦੇ ਦੇਣਾ, ਅਤੇ ਇਹਨਾਂ ਗੱਠ-ਤੁਪ ਕੀਤੇ ਗੀਤਾਂ ਨੂੰ ਗਾਵਣਾ ਹਰਗਿਜ਼ ਹਰਗਿਜ਼ ਹਰ-ਕੀਰਤਨ ਨਹੀਂ ਹੋ ਸਕਦਾ। "ਅਣਡੀਠਾ ਕਿਛੁ ਕਹਣੁ ਨ ਜਾਇ" ਦੇ ਗੁਰਵਾਕ ਅਨੁਸਾਰ ਜਿਨ੍ਹਾਂ ਨੇ ਸ੍ਰੀ ਅਕਾਲ ਪੁਰਖ ਨਿਰੰਕਾਰ ਨੂੰ ਸਾਂਗੋ ਪਾਂਗ ਪੇਖਿਆ ਹੀ ਨਹੀਂ, ਉਹ ਉਸ ਦੀ ਸਿਫ਼ਤ ਸਾਲਾਹ ਹੀ ਕੀ ਕਰ ਸਕਦੇ ਹਨ।

ਸੰਤਨ ਕੀ ਸੁਣਿ ਸਾਚੀ ਸਾਖੀ।।
ਸੋ ਬੋਲਹਿ ਜੋ ਪੇਖਹਿ ਆਖੀ.....।।

(੪।।੨੫।।੩੬) ਰਾਮਕਲੀ ਮ: ੫, ਪੰਨਾ ੮੯੪

ਦੇ ਗੁਰਵਾਕ ਅਨੁਸਾਰ ਸਾਲਾਹੀ ਦੀ ਗੁਰ-ਸਾਖੀ ਸਿਫਤ ਸਾਲਾਹ ਹੀ ਹਰਿ-ਜਸ ਅਥਵਾ ਹਰਿ-ਕੀਰਤਨ ਬਣ ਸਕਦੀ ਹੈ। ਅਲਪੱਗ ਪੁਰਸ਼ਾਂ ਦੀ ਬਣਾਈ ਗੀਤਾਵਲੀ ਯਾ ਕਬਿੱਤਾਵਲੀ ਕਦਾਚਿਤ ਹਰਿ-ਕੀਰਤਨ ਦੇ ਲਵੇ ਨਹੀਂ ਲੱਗ ਸਕਦੀ। ਆਮ ਗੀਤਾਂ ਨੂੰ ਰਾਗਾਂ ਵਿੱਚ ਪਾ ਕੇ ਗਾਵਣਾ ਅਤੇ ਰਾਗ-ਵਿਦਿਆ ਘੋਖ ਘੋਖ ਕੇ ਗਾਵਣਾ ਸੰਗੀਤ ਤਾਂ ਹੋ ਸਕਦਾ ਹੈ ਪਰ ਇਸ ਸੰਗੀਤ ਨੂੰ ਹਰਿ-ਕੀਰਤਨ ਆਖਣਾ ਮਹਾਂ ਭੁਲ ਹੈ।

ਮੇਰੇ ਮੋਹਨ ਸ੍ਰਵਨੀ ਇਹ ਨ ਸੁਨਾਏ।।
ਸਾਕਤ ਗੀਤ ਨਾਦ ਧੁਨਿ ਗਾਵਤ
ਬੋਲਤ ਬੋਲ ਅਜਾਏ।।੧।।ਰਹਾਉ।।

(੪।।੧।।੮੧) ਬਿਲਾਵਲੁ ਮ: ੫, ਪੰਨਾ ੮੨੦

ਗੁਰਵਾਕ ਦੇ ਭਾਵ ਅਨੁਸਾਰ ਗੁਰ ਗਿਆਨ ਪ੍ਰਚੰਡਨੀ ਦੀਦਾਰ ਨਿਰੰਕਾਰ ਦੇ ਸਾਖਸ਼ਾਤਕਾਰੀ ਜਲਵੇਂ ਤੋਂ ਘੁੱਥੇ ਅੰਧਲੇ ਅਗਿਆਨੀ ਸਾਕਤ ਪੁਰਸ਼ਾਂ ਦੇ ਕਥੇ ਸੁਣੇ ਬਣਾਏ ਬਿਉਂਤੇ ਰਾਗ ਨਾਦ ਗੀਤਾਂ ਦਾ ਗਾਵਣਾ 'ਬੋਲਤ ਬੋਲ ਅਜਾਏ' ਵਾਲਾ ਹੀ ਕਸੌਂਦਾ ਹੈ। ਇਹਨਾਂ ਕਚ-ਪਿੱਚੇ ਬੋਲ-ਅਬੋਲੀ ਰਾਗ-ਨਾਦੀ ਗੀਤਾਂ ਨੂੰ ਸ੍ਰਵਣੀ ਸੁਣਨਾ ਸੁਣਾਵਣਾ ਮਹਾਂ ਮਨਮਤਿ ਹੈ। ਗੁਰਬਾਣੀ ਰੂਪੀ ਸੁੱਚੇ ਰਤਨਾਂ ਵਿਖੇ ਮਨ-ਘੜਤ ਟੱਪੇ ਬੋਲੀਆਂ ਨੂੰ ਜੋੜ ਕੇ ਰਲਾਵਣਾ ਭੀ ਹਰਿ-ਕੀਰਤਨ ਦੀ ਸੁੱਚੀ ਪਾਰਸ-ਕਲਾ ਨੂੰ ਕਲੰਕਤ ਕਰਨਾ ਹੈ। ਐਸੇ ਮਿਲਗੋਭੇ ਕੀਰਤਨ ਨੂੰ ਨਿਰਬਾਣ ਅਥਵਾ ਅਖੰਡ ਕੀਰਤਨ ਨਹੀਂ ਕਿਹਾ ਜਾ ਸਕਦਾ। ਗੁਰਬਾਣੀ ਦੀਆਂ ਦੋ ਚਾਰ ਤੁਕਾਂ ਦਾ ਆਸਰਾ ਲੈ ਕੇ ਮਨ-ਉਕਤ ਟੱਪੇ ਜੋੜਿ ਜੋੜਿ ਚਾਹੇ ਸਾਰੀ ਰਾਤ ਹੀ ਕਿਉਂ ਨਾ ਤਾਲ ਪੂਰਿ ਪੂਰਿ ਚਿਮਟੇ ਬਜਾਏ ਜਾਣ, ਅਤੇ ਨਿਰੇ ਰਾਗ-ਨਾਦੀ ਗੀਤ ਗਾਇ ਗਾਇ ਭਾਵੇਂ ਕਿਤਨਾ ਹੀ ਸਿਰ ਕਿਉਂ ਨਾ ਖਪਾਇਆ ਜਾਵੇ, ਕਦਾਚਿਤ ਭੀ ਇਸ ਨੂੰ ਅਖੰਡ ਕੀਰਤਨ ਨਹੀਂ ਕਹਿ ਸਕਦੇ। ਕੀਰਤਨ ਦੀ ਨਿਰਖੰਡਤਾ ਅਤੇ ਨਿਰਬਾਣਤਾ ਕੇਵਲ ਨਿਰੋਲ ਗੁਰਬਾਣੀ ਦੇ ਇਕ-ਰਸ ਕੀਰਤਨ ਵਿੱਚ ਹੈ।

## ਕੀਰਤਨ ਦੁਆਰਾ ਚਰਨ ਕੰਵਲਾਂ ਦਾ ਆਨੰਦ

ਜਿਨ੍ਹਾਂ ਗੁਰਮੁਖਾਂ ਨੂੰ ਗੋਬਿੰਦ ਦੇ ਚਰਨ ਕੰਵਲਾਂ ਸੰਗ ਬਿਸਮ-ਬਿਨੋਦੀ ਆਤਮ-ਰੰਗ, ਚਲੂਲੜਾ ਰੰਗ ਲਗ ਗਿਆ ਹੈ ਉਹਨਾਂ ਦੇ ਮਨ ਐਸੇ ਨਿਰਮਲ ਹੋ ਜਾਂਦੇ ਹਨ ਕਿ ਉਨ੍ਹਾਂ ਨੂੰ ਦੁਤੀਆ ਤ੍ਰੈਗੁਣੀ ਰੰਗਾਂ ਦੀ ਮੈਲ ਲੱਗਣੀ ਹੀ ਨਹੀਂ ਪਾਉਂਦੀ। ਵਿਕਾਰੀ ਅਹਾਰਾਂ ਦੀ ਗ਼ਲੂਦਗੀ ਤੋਂ ਉਪੰਨੀ ਆਲਸ-ਨਿੰਦਰਾ ਉਹਨਾਂ ਦੇ ਨੇੜੇ ਨਹੀਂ ਆਉਂਦੀ। ਅਜਿਹੇ ਕੁੰਗੂ ਵਰਗੇ, ਕੁੰਗੂਓਂ ਵਧੇਰੇ ਨਿਰਮਲ ਤੇ ਹਰਿ-ਰੰਗ ਮਨ, ਚਰਨ ਕਮਲ ਗੋਬਿੰਦ-ਰੰਗ-ਪਾਗੇ ਮਨ, ਅਹਿਨਿਸ (ਦਿਨ ਰਾਤ) ਜਾਗਦੇ ਹੀ ਰਹਿੰਦੇ ਹਨ ਅਤੇ ਹਰਿ-ਜਸ, ਹਰਿ ਕੀਰਤਨ, ਭਜਨ ਰੂਪੀ ਸੱਚੇ ਆਹਰ ਵਿੱਚ ਲੱਗੇ ਰਹਿੰਦੇ ਹਨ। ਗੋਬਿੰਦ ਚਰਨ-ਕੰਵਲ ਰੰਗ ਰਾਂਗੜੇ, ਰਸ-ਪਾਗੜੇ, ਗੁਰਮੁਖ ਜਨਾਂ ਨੂੰ ਚਰਨ ਕੰਵਲ ਦੀਆਂ ਮਉਜ-ਰੰਗਾਂ ਵਿੱਚ ਖਿਨ ਖਿਨ ਕੀਰਤਨ-ਤਰੰਗਾਂ ਦੇ ਉਮਾਹੇ ਹੀ ਉਠਦੇ ਰਹਿੰਦੇ ਹਨ। ਉਹ ਏਹਨਾਂ ਮਉਜ-ਉਮਾਹੜੇ-ਰੰਗਾਂ ਦੇ ਅਧੀਨ ਹੋ ਕੇ ਹੀ ਕੀਰਤਨ ਕਰਦੇ ਰਜਦੇ ਨਹੀਂ। ਜਿਉਂ ਜਿਉਂ ਕੀਰਤਨ ਕਰਦੇ ਹਨ ਤਿਉਂ ਤਿਉਂ ਚਰਨ ਕੰਵਲਾਂ ਦੇ ਹੋਰ ਚਲੂਲੇ ਰੰਗ ਚੜ੍ਹਦੇ ਹਨ ਅਤੇ ਦਰਸ਼ਨ ਝਲਕਾਂ ਦੇ ਬਿਨੋਦ-ਬਿਸਮਨੀ ਝਲਕੇ ਵੱਜਦੇ ਹਨ। ਇਸ ਅਨੂਪਮੀ ਅਨੂਠੜੇ ਅਧਾਰ ਉੱਤੇ ਹੀ ਉਹ ਸਾਰੀ ਸਾਰੀ ਰਾਤ ਤੇ ਸਾਰਾ ਸਾਰਾ ਦਿਨ ਭੀ ਜੇ ਕੀਰਤਨ



www.AKJ.Org

ਕਰਦੇ ਰਹਿਣ ਤਾਂ ਥੱਕਦੇ ਅੱਕਦੇ ਨਹੀਂ। ਥਕੇਵਾਂ ਅਕੇਵਾਂ ਭਲਾ ਉੱਥੇ ਕਿੱਥੇ, ਜਿੱਥੇ ਚਰਨ ਕੰਵਲਾਂ ਦੀ ਮਉਜ ਦੇ ਚਲੂਲੇ ਰੰਗ ਚੜ੍ਹੇ ਹੋਏ ਹੋਣ ? ਇਸ ਪ੍ਰਥਾਇ ਇਹ ਗੁਰਵਾਕ ਭਲਾ ਘਟਦਾ ਹੈ :-

ਚਰਨ ਕਮਲ ਗੋਬਿੰਦ ਰੰਗੁ ਲਾਗਾ।।
ਸੰਤ ਪ੍ਰਸਾਦਿ ਭਏ ਮਨ ਨਿਰਮਲ
ਹਰਿਕੀਰਤਨਮਹਿਅਨਦਿਨੁਜਾਗਾ।।੧।।ਰਹਾਉ।।

(ਗਉੜੀ ਥਿੰਤੀ ਕਬੀਰ ਜੀ, ਪੰਨਾ ੩੪੩)

ਸਤਿਗੁਰ ਪੂਰੇ ਨੇ ਇਹ ਕੀਰਤਨ-ਆਧਾਰ ਉਨ੍ਹਾਂ ਨੂੰ ਬਖਸ਼ਿਆ ਹੈ। ਇਸ ਕੀਰਤਨ-ਆਧਾਰੀ-ਦਾਤ ਦੀ ਬਰਕਤ ਕਰਿ, ਉਹ ਚਰਨ ਕੰਵਲਾਂ ਦੀ ਮਉਜ ਨੂੰ ਅੰਤਰ ਹੀ ਅੰਤਰ ਅਕਹਿ ਬਿਸਮ ਰੰਗਾਂ ਵਿੱਚ ਹੋਰ ਵਧੇਰੇ ਮਾਣਦੇ ਹਨ ਅਤੇ ਰਿਦ ਅੰਤਰ ਹੀ ਪ੍ਰਗਟੰਨੇ ਚਰਨ ਕੰਵਲਾਂ ਨੂੰ ਅੰਤਰ ਝਾਤੀਆਂ ਮਾਰ ਮਾਰ ਬਿਸਮਾਉਂਦੇ ਮੁਸਕਰਾਉਂਦੇ ਹਨ ਅਤੇ ਰਸ ਜੋਤਿ-ਪਵਨ-ਵਿਗਾਸੀ-ਸੁਆਸ ਸੁਆਸ ਅਭਿਆਸ ਦੇ ਬੀਜਨ ਢੋਲਾਇ ਢੋਲਾਇ (ਪੱਖਾ ਕਰ ਕਰ) ਦਰਸ-ਅਨੂਪਮੀ, ਅਤਿ ਰਸ ਮਿਠੜੇ-ਗੋਬਿੰਦ ਚਰਨ ਕੰਵਲਾਰ ਦਾ ਸੇਵਨ ਕਰਦੇ ਹਨ। ਕੈਸੀ ਅਦਭੁਤ ਚਰਨ ਕੰਵਲਾਂ ਦੀ ਇਹ ਸਹਿਜ ਸੇਵਾ ਹੈ :-

ਚਰਨ ਕਮਲ ਸੇਵੀ ਰਿਦ ਅੰਤਰਿ
ਗੁਰ ਪੂਰੇ ਕੈ ਆਧਾਰਿ।।੩।।੩੭।।

(ਆਸਾ ਮਹਲਾ ੫, ਪੰਨਾ ੩੭੯)

ਗੁਰਵਾਕ ਦੀ ਇਹ ਤੁਛ ਮਾਤਰ ਵਿਆਖਿਆ ਹੈ। ਅਗਮ ਅਪਾਰ ਪ੍ਰਭੂ ਪ੍ਰਮਾਤਮਾ ਦੇ ਚਰਨ ਕੰਵਲ ਜਿਨ੍ਹਾਂ ਗੁਰਮੁਖਾਂ ਦੇ ਮਨ ਤਨ ਵਿਚ ਵਸ ਜਾਂਦੇ ਹਨ ਅਤੇ ਅੰਤਰ ਆਤਮੇ ਧਸ ਜਾਂਦੇ ਹਨ, ਉਨ੍ਹਾਂ ਨੂੰ ਕਿਸੇ ਗੱਲ ਦੀ ਭੀ ਕਮੀ ਨਹੀਂ ਰਹਿੰਦੀ। ਕਿਸੇ ਪਦਾਰਥ ਦੀ ਤੋਟ ਨਹੀਂ ਰਹਿੰਦੀ। ਉਨ੍ਹਾਂ ਦੇ ਹਰ ਵਥ ਦੇ ਪੂਰਨ ਭੰਡਾਰ ਭਰੇ ਰਹਿੰਦੇ ਹਨ। ਜੈਸਾ ਕਿ ਇਹ ਗੁਰਵਾਕ ਵਿਦਤਾਉਂਦਾ ਹੈ :-

ਤੋਟਿ ਨ ਆਵੈ ਕਦੇ
ਮੂਲਿ ਪੂਰਨ ਭੰਡਾਰ।।
ਚਰਨ ਕਮਲ ਮਨਿ ਤਨਿ ਬਸੇ
ਪ੍ਰਭ ਅਗਮ ਅਪਾਰ।।੨।।੬੩।।

(ਬਿਲਾਵਲੁ ਮ: ੫, ਪੰਨਾ ੮੧੭)

ਤਿਨ੍ਹਾਂ ਨੂੰ ਚਰਨ ਕੰਵਲਾਂ ਦਾ ਆਸਰਾ ਪ੍ਰਭੂ ਪ੍ਰਮਾਤਮਾ ਨੇ ਆਪ ਦਿੱਤਾ ਹੈ ਤੇ ਗੁਰਮੁਖ ਜਨ ਗੁਰੂ ਕਰਤਾਰ ਦੇ ਆਸਰੇ ਪ੍ਰਾਇਣ ਹੋਏ ਚਰਨ ਸਰਨ ਹੀ ਸਮਾਏ ਰਹਿੰਦੇ ਹਨ। ਤਿਸ ਚਰਨ ਸਰਨ ਪ੍ਰਾਇਣ ਹੋਇ ਸਮਾਇ ਰਹਿਣ ਦਾ ਸਦਾ ਹੀ ਬੜਾ ਪਰਤਾਪ ਵਰਤਦਾ ਹੈ। ਸੋਈ ਇਹ ਅਗਲੇਰਾ ਗੁਰਵਾਕ ਦਸਦਾ ਹੈ :-

ਚਰਣ ਕਮਲ ਕਾ ਆਸਰਾ
ਦੀਨੋ ਪ੍ਰਭਿ ਆਪਿ।।
ਪ੍ਰਭ ਸਰਣਾਗਤਿ ਜਨ ਪਰੇ
ਤਾ ਕਾ ਸਦ ਪਰਤਾਪੁ।।੧।।੬੭।।

(ਬਿਲਾਵਲੁ ਮ: ੫, ਪੰਨਾ ੮੧੭) OOOOO

## ਨਦਰਿ ਕਰੇ ਤਾਂ ਸਿਮਰਿਆ ਜਾਇ

ਵਾਹਿਗੁਰੂ ਦੀ ਨਦਰਿ (ਮਿਹਰ) ਤੋਂ ਬਿਨਾਂ ਸਿਮਰਨ ਨਹੀਂ ਹੁੰਦਾ। ਉਸ ਦੀ ਮਿਹਰ ਸਦਕਾ ਹੀ ਮਨੁੱਖ ਗੁਰੂ ਦੀ ਸ਼ਰਨ ਪੈ ਕੇ ਨਾਮ-ਸਿਮਰਨ ਦੀ ਸੱਚੀ-ਕਾਰ ਵਿੱਚ ਜੁਟਦਾ ਹੈ ਅਤੇ ਸਿਮਰਨ ਦੇ ਰਸਤੇ ਪੈ ਕੇ 'ਸੋ-ਦਰੁ' ਪਹੁੰਚਦਾ ਹੈ।

ਮਨੁੱਖ ਪਿੰਡ ਤੋਂ ਸ਼ਹਿਰ ਨੂੰ ਜਾਂਦਾ ਹੋਇਆ ਵੰਨ-ਸੁਵੰਨੇ ਨਜ਼ਾਰੇ ਦੇਖਦਾ ਹੈ। ਕਈ ਵੇਰ ਕੁਦਰਤ ਦੇ ਨਜ਼ਾਰਿਆਂ ਵਿੱਚ ਏਨਾ ਲੁਭਤ ਹੋ ਜਾਂਦਾ ਹੈ ਕਿ ਉਸ ਦੀ ਚਾਲ ਮੱਠੀ ਪੈ ਜਾਂਦੀ ਹੈ ਅਤੇ ਨਜ਼ਾਰੇ ਦੇਖਦਾ ਦੇਖਦਾ ਅਟਕ ਹੀ ਜਾਂਦਾ ਹੈ। ਆਪਣੇ ਨਿਸ਼ਾਨੇ (ਸੋ-ਦਰੁ ਪਹੁੰਚਣ) ਨੂੰ ਹੀ ਭੁੱਲ ਜਾਂਦਾ ਹੈ, ਸਿਮਰਨ ਕਰਦੇ ਨੂੰ ਨੀਂਦ ਆ ਜਾਂਦੀ ਹੈ। ਜਾਗ ਖੁੱਲ੍ਹਣ ਤੇ ਅੰਮ੍ਰਿਤ-ਵੇਲਾ (ਮਨੁੱਖਾ ਜਨਮ) ਬੀਤ ਚੁੱਕਿਆ ਹੁੰਦਾ ਹੈ। ਜਦੋਂ ਦੂਜੀ ਭਲਕ ਅੰਮ੍ਰਿਤ ਵੇਲੇ ਫਿਰ ਸਿਮਰਨ ਵਿੱਚ ਜੁੱਟਦਾ ਹੈ ਤਾਂ ਉਹ ਪਿਛਲੀ ਰਾਤ ਦੇ ਨਜ਼ਾਰਿਆਂ ਨੂੰ ਚੇਤੇ ਕਰ ਕੇ ਕਈ ਪ੍ਰਕਾਰ ਦੇ ਫੁਰਨਿਆਂ ਨਾਲ ਲੱਦਿਆ ਹੁੰਦਾ ਹੈ, ਮਨ ਵਿੱਚ ਕਈ ਆਸਾਂ ਲਈ ਬੈਠਾ ਹੁੰਦਾ ਹੈ। 'ਆਸਾ ਵਿਚਿ ਨਿਰਾਸੁ ਵਲਾਏ' ਦੀ ਚੇਤਾਵਨੀ ਨੂੰ ਭੁੱਲ ਕੇ ਉਸ ਦੇ ਪੱਲੇ ਕੁੱਝ ਨਹੀਂ ਪੈਂਦਾ, ਪ੍ਰਭੂ ਦੀ ਬਖਸ਼ਸ਼ ਨਹੀਂ ਹੁੰਦੀ, ਸਮਾਂ ਅਜਾਈਂ ਹੀ ਬੀਤ ਜਾਂਦਾ ਹੈ। ਕਬੀਰ ਸਾਹਿਬ ਕਹਿੰਦੇ ਹਨ-

ਜਬ ਲਗੁ ਮਨ ਬੈਕੁੰਠ ਕੀ ਆਸ।। ਤਬ ਲਗੁ ਹੋਇ ਨਹੀ ਚਰਨ ਨਿਵਾਸੁ।। (ਪੰਨਾ ੩੨੫)

ਪ੍ਰਭੂ ਦੇ ਦਰ ਅਸੀਂ ਤਾਂ ਹੀ ਪਹੁੰਚ ਸਕਾਂਗੇ ਜੇ ਫੁਰਨੇ ਰਹਿਤ (ਅਫੁਰ) ਹੋ ਕੇ, ਵੰਨ-ਸੁਵੰਨੀਆਂ ਝਾਕੀਆਂ ਦੇਖਣ ਦੀ ਲਾਲਸਾ ਛੱਡ ਕੇ ਸੁਰਤਿ ਨੂੰ 'ਸ਼ਬਦ' ਨਾਲ ਜੋੜਾਂਗੇ ਅਰਥਾਤ ਧਿਆਨ ਸ਼ਬਦ ਵਿੱਚ ਟਿਕਾਂਵਾਂਗੇ। ਜਹਾਜ਼ (ਸ਼ਬਦ) ਤੋਂ ਥੱਲੇ ਉਤਰ ਕੇ ਤਾਂ ਬੇਗਮਪੁਰੇ (ਸੋ-ਘਰੁ) ਨਹੀਂ ਪਹੁੰਚਿਆਂ ਜਾ ਸਕੇਗਾ।


www.AKJ.Org

# ਸਰਬ ਰੋਗ ਕਾ ਅਉਖਦੁ ਨਾਮੁ

(ਸੂਬੇਦਾਰ ਧਰਮ ਸਿੰਘ ਸੁੱਜੋਂ)

ਕੁਦਰਤ ਦੀ ਕਾਇਨਾਤ ਦੇ ਅੰਦਰ ਹਰ ਕੰਮ ਕੁਦਰਤ ਦੇ ਕਿਸੀ ਨਾ ਕਿਸੀ ਕਾਇਦੇ ਕਾਨੂੰਨ (Law and order) ਅੰਦਰ ਨਿਯਮ ਬੱਧ ਢੰਗ ਨਾਲ ਹੋ ਰਿਹਾ ਹੈ। ਕੋਈ ਭੀ ਕੰਮ ਕੁਦਰਤ ਦੇ ਮੁਕੱਰਰ ਕੀਤੇ ਹੋਏ ਨਿਯਮਾਂ ਤੋਂ ਬਾਹਰ ਜਾਂ ਅਟਕਲ-ਪਚੂ ਤੌਰ ਤੇ ਨਹੀਂ ਹੁੰਦਾ। ਇਸੀ ਤਰ੍ਹਾਂ ਹੀ ਉੱਪਰ ਦਿੱਤੇ ਗੁਰ-ਫੁਰਮਾਨ ਅਨੁਸਾਰ ਨਾਮ ਦੀ ਕਮਾਈ ਦੁਆਰਾ ਰੋਗ-ਰੈਹਤ ਜਾਂ ਅਰੋਗ ਹੋ ਜਾਈਦਾ ਹੈ, ਦੇ ਪਿੱਛੇ ਭੀ ਕੁਦਰਤ ਦਾ ਕੋਈ ਕਾਨੂੰਨ ਹੀ ਕੰਮ ਕਰ ਰਿਹਾ ਹੈ। ਜਦੋਂ ਕੋਈ ਕੰਮ ਸਾਡੀ ਸਮਝ ਤੋਂ ਬਾਹਰ ਹੋ, ਅਮਲ ਵਿੱਚ ਆ ਜਾਏ ਤਾਂ ਆਖ ਦਿੰਦੇ ਹਾਂ ਕਿ ਇਹ ਤਾਂ ਕੋਈ *'ਕਰਾਮਾਤ'* ਹੋਈ ਹੈ। ਇਸੀ ਤਰ੍ਹਾਂ ਇਸ ਫੁਰਮਾਨ ਦੀ ਤੈਹ ਵਿੱਚ ਕੰਮ ਕਰ ਰਹੇ ਕੁਦਰਤ ਦੇ ਨਿਯਮ ਨੂੰ ਤਾਂ ਅਸੀਂ ਸਮਝਣ ਦੀ ਕੋਸ਼ਿਸ਼ ਨਹੀਂ ਕਰਦੇ ਪਰ ਆਖ ਦਿੰਦੇ ਹਾਂ ਕਿ ਨਾਮ ਦੀ ਕਮਾਈ ਦੁਆਰਾ ਅਕਾਲ ਪੁਰਖ ਨੇ ਸਾਡੇ ਤੇ ਖੁਸ਼ ਹੋ ਕੇ ਕੋਈ *'ਕਰਾਮਾਤ'* ਕਰਕੇ ਸਾਨੂੰ ਅਰੋਗ ਕਰ ਦਿੱਤਾ ਹੈ।

ਸੀ. ਆਰ. ਬਿੰਦੂ ਘੋਸ਼ ਜੋ I. C. S. (Indian Civil Service) ਅਧੀਨ ਅਫ਼ਸਰ ਰਹੇ, ਪਿਛੋਂ ਸਭ ਕੁੱਝ ਤਿਆਗ ਕੇ ਜੋਗੀ ਹੋ ਗਏ ਤੇ ਪਾਂਡੀਚਰੀ ਆਸ਼ਰਮ ਵਿੱਚ ਰਹਾਇਸ਼ ਇਖਤਿਆਰ ਕਰ ਲਈ ਸੀ, ਦਾ ਫੁਰਮਾਨ ਹੈ ਕਿ *'ਕਰਾਮਾਤ'* ਨਾਮ ਦੀ ਕੋਈ ਚੀਜ਼ ਨਹੀਂ ਹੈ, ਸਫ਼ਰ ਇੱਕ ਹੀ ਹੁੰਦਾ ਹੈ। ਜਦੋਂ ਸਾਡੀ ਰਫ਼ਤਾਰ ਸੁਸਤ ਹੁੰਦੀ ਹੈ ਤਾਂ ਅਸੀਂ ਹਰ ਇੱਕ ਮੀਲ ਪੱਥਰ ਗਿਣਦੇ ਜਾਂਦੇ ਹਾਂ। ਰਫ਼ਤਾਰ ਤੇਜ਼ ਹੋਣ ਤੇ ਕੋਈ ਕੋਈ ਮੀਲ ਪੱਥਰ ਨਜ਼ਰ ਆਉਂਦਾ ਹੈ ਤੇ ਬਹੁਤ ਸਾਰੇ ਮੀਲ ਪੱਥਰਾਂ ਪਾਸੋਂ ਅਣਦੇਖੇ ਹੀ ਲੰਘ ਜਾਈਦਾ ਹੈ। ਜਦੋਂ ਹਵਾਈ ਜ਼ਹਾਜ ਵਿੱਚ ਸਫ਼ਰ ਕਰਦੇ ਹਾਂ ਤਾਂ ਸਮਾਂ ਭੀ ਬਹੁਤ ਘੱਟ ਲੱਗਦਾ ਹੈ ਤੇ ਮੀਲ ਪੱਥਰ ਭੀ ਕੋਈ ਨਜ਼ਰ ਨਹੀਂ ਆਉਂਦਾ ਤਾਂ ਇਸ ਦਾ ਅਰਥ ਇਹ ਨਹੀਂ ਹੋ ਜਾਂਦਾ ਕਿ ਅਸੀਂ ਵਿਚਕਾਰ ਤੋਂ ਕੁੱਝ ਸਫ਼ਰ ਛੱਡ ਕੇ ਹੀ ਇਕ ਸਿਰੇ ਤੋਂ ਦੂਸਰੇ ਸਿਰੇ ਤੇ ਪਹੁੰਚ ਗਏ ਹਾਂ। ਇਸੀ ਤਰ੍ਹਾਂ ਹੀ ਜਦੋਂ ਕੁਦਰਤ ਦੇ ਨਿਯਮਾਂ ਤੇ ਅਮਲ ਇਤਨੀ ਤੇਜ਼ੀ ਨਾਲ ਹੋ ਜਾਂਦਾ ਹੈ ਜਿਸ ਦੀ ਸਾਨੂੰ ਸਮਝ ਨਹੀਂ ਪੈਂਦੀ ਤਾਂ ਅਸੀਂ ਉਸ ਨੂੰ ਕਰਾਮਾਤ ਆਖ ਦਿੰਦੇ ਹਾਂ।

ਉੱਪਰ ਦਿੱਤੇ ਗੁਰ ਫੁਰਮਾਨ ਅੰਦਰ ਭੀ ਕੋਈ ਕਰਾਮਾਤ ਵਾਲੀ ਗੱਲ ਨਹੀਂ ਹੈ ਸਗੋਂ ਦੇਹ ਅਰੋਗਤਾ ਭੀ ਕੁਦਰਤ ਦੇ ਨਿਯਮਾਂ ਅਨੁਸਾਰ ਹੀ ਅਮਲ ਵਿੱਚ ਆਉਂਦੀ ਹੈ।

ਇਹ ਨਿਯਮ ਕਿਆ ਹਨ ? ਇਸ ਤੇ ਵਿਚਾਰ ਕਰਨ ਤੋਂ ਪਹਿਲਾਂ ਅਸੀਂ ਆਪਣੀ ਹੋਂਦ ਬਾਰੇ ਕੁੱਝ ਜਾਣਕਾਰੀ ਪ੍ਰਾਪਤ ਕਰ ਲਈਏ। ਕੁਦਰਤ ਨੇ ਸਾਨੂੰ ਦੋ ਸਰੀਰ ਦਿੱਤੇ ਹਨ। ਇੱਕ ਤਾਂ ਉਹ ਸਰੀਰ ਹੈ ਜੋ ਸਾਨੂੰ ਸਭ ਨੂੰ ਨਜ਼ਰ ਆਉਂਦਾ ਹੈ, ਜਿਸ ਦੇ ਜ਼ਰੀਏ ਅਸੀਂ ਸੰਸਾਰ ਦੇ ਕਾਰ ਵਿਹਾਰ ਕਰਦੇ ਹਾਂ। ਇਸ ਦੀ ਬਣਤਰ Matter ਜਾਂ ਪਰਕਿਰਤੀ ਤੋਂ ਹੋਈ ਹੈ। ਇਸ ਨੂੰ ਸਥੂਲ ਸਰੀਰ ਆਖਦੇ ਹਨ। ਦੂਸਰਾ ਸਰੀਰ, ਇਸੀ ਸਰੀਰ ਦੀ ਨਕਲ ਜਾਂ Ture copy ਹੈ। ਇਸ ਦੀ ਬਣਤਰ, ਸ਼ਕਤੀ ਜਾਂ Energy ਤੋਂ ਹੋਈ ਹੈ। ਇਸ ਸਰੀਰ ਨੂੰ ਸੂਖਸ਼ਮ ਸਰੀਰ ਜਾਂ Energy body ਆਖਦੇ ਹਨ। ਇਹ ਸੂਖਸ਼ਮ ਸਰੀਰ, ਸਥੂਲ ਸਰੀਰ ਅੰਦਰ ਇਸ ਤਰ੍ਹਾਂ ਫਿੱਟ ਹੈ ਕਿ ਇਸ ਦਾ ਸਥੂਲ ਸਰੀਰ ਦੇ, ਹਰ ਇਕ ਛੋਟੇ ਤੋਂ ਛੋਟੇ ਸੈਲ (Cell) ਨਾਲ ਸੰਪਰਕ ਕਾਇਮ ਹੈ।

ਦੇਖਣ ਵਿੱਚ ਤਾਂ ਭਾਵੇਂ ਸਾਡੀ ਜਾਣ ਪਛਾਣ ਇਸ ਦੁਨੀਆਂ ਨਾਲ ਸਾਡੇ ਸਥੂਲ ਸਰੀਰ ਦੁਆਰਾ ਹੀ ਹੁੰਦੀ ਹੈ ਪਰ ਸਾਡੀ ਜਿੰਦਗੀ ਨੂੰ ਬਣਾਉਣ ਜਾਂ ਵਿਗਾੜਨ ਵਿੱਚ ਸਾਰਾ ਰੋਲ (Role) ਸੂਖਸ਼ਮ ਸਰੀਰ ਦਾ ਹੁੰਦਾ ਹੈ। ਅੱਖੋਂ ਉਹਲੇ ਹੋਣ ਕਰਕੇ ਸਾਨੂੰ ਇਸ ਦੀ ਕੋਈ ਜਾਣਕਾਰੀ ਨਹੀਂ ਹੁੰਦੀ। ਮਨ, ਬੁੱਧ, ਚਿੱਤ (ਯਾਦ ਸ਼ਕਤੀ), ਅਹੰਕਾਰ, ਇੜਾ, ਪਿੰਗਲਾ, ਸੁਖਮਨਾ ਆਦਿ ਨਾੜੀਆਂ, ਗਿਆਨ ਇੰਦ੍ਰੀਆਂ, ਨਾਭ ਕੰਵਲ, ਖੱਟ ਚੱਕਰ, ਤ੍ਰਿਕੁਟੀ ਅਤੇ ਦਸਮ ਦੁਆਰ ਆਦਿ, ਇਹ ਸਾਰੇ ਹੀ ਸੂਖਸ਼ਮ ਸਰੀਰ ਦੇ ਅੰਗ ਹਨ। ਇਨ੍ਹਾਂ ਨੂੰ ਸਥੂਲ ਸਰੀਰ ਦੀ ਚੀਰ ਫਾੜ ਕਰਕੇ ਇਸ ਵਿੱਚੋਂ ਭਾਲਣਾ, ਸਾਡੀ ਅਣਜਾਣਤਾ ਹੈ। ਜਿਸ ਤਰ੍ਹਾਂ ਸਥੂਲ ਸਰੀਰ ਵਿੱਚ ਬਲੱਡ ਸਿਸਟਮ ਸਾਰੇ ਸਰੀਰ ਨੂੰ ਖੂਨ ਪਹੁੰਚਾਉਂਦਾ ਹੈ ਤੇ ਨਰਵਸ ਸਿਸਟਮ, ਸਰੀਰ ਦੇ ਸਾਰੇ ਪੱਠਿਆਂ ਤੇ ਕਾਬੂ ਪਾ ਕੇ ਰੱਖਦਾ ਹੈ ਇਸੀ ਤਰ੍ਹਾਂ ਹੀ ਸੂਖਸ਼ਮ ਸਰੀਰ ਵਿਚ Meridian system ਕੰਮ ਕਰਦਾ ਹੈ। ਇਹ ਮੈਰੀਡੀਅਨ ਸਿਸਟਮ ਬਹੁਤ ਬਰੀਕ ਸ਼ਕਤੀ ਨਾੜੀਆਂ ਦੇ ਜ਼ਰੀਏ ਸਾਰੇ ਸਰੀਰ ਨੂੰ ਪ੍ਰਾਣ Energy ਜਾਂ Life Force ਸਪਲਾਈ ਕਰਦਾ ਹੈ, ਅਗੋਂ ਇਹ Life Force, ਸਥੂਲ ਸਰੀਰ ਦੇ ਹਰ ਇਕ ਸੈਲ ਤੱਕ ਪਹੁੰਚਾਉਂਦਾ ਹੈ। ਜਦੋਂ ਕਿਤੇ ਮੈਰੀਡੀਅਨ ਸਿਸਟਮ



www.AKJ.Org

ਵਿੱਚ ਕੋਈ ਨੁਕਸ ਪੈ, ਇਹ ਨਾੜੀਆਂ ਸਰੀਰ ਦੇ ਕਿਸੀ ਹਿੱਸੇ ਨੂੰ Energy ਜਾਂ Life Force ਸਪਲਾਈ ਕਰਨਾ ਬੰਦ ਕਰ ਦਿੰਦੀਆਂ ਹਨ ਤਾਂ ਸਰੀਰ ਦੇ ਉਤਨੇ ਹਿੱਸੇ ਦੇ ਸੈਲ ਮਰਨੇ ਸ਼ੁਰੂ ਹੋ ਜਾਂਦੇ ਹਨ। ਇਸ ਤਰ੍ਹਾਂ ਉਤਨੇ ਹਿੱਸੇ ਵਿੱਚ ਕਿਸੀ ਨਾ ਕਿਸੀ ਬੀਮਾਰੀ ਦਾ ਮੁੱਢ ਬੱਝਣਾ ਸ਼ੁਰੂ ਹੋ ਜਾਂਦਾ ਹੈ।

ਜੇ ਇਸ ਸਟੇਜ ਤੇ ਹੀ ਬੀਮਾਰੀ ਦਾ ਇਲਾਜ ਨਾ ਹੋ ਸਕੇ ਤਾਂ ਇਹ ਬੀਮਾਰੀ ਸਥੂਲ ਸਰੀਰ ਵਿੱਚ ਜ਼ਾਹਰ ਹੋਣੀ ਸ਼ੁਰੂ ਹੋ ਜਾਂਦੀ ਹੈ। ਕਈ ਦਫਾ ਬੀਮਾਰੀ ਸਥੂਲ ਸਰੀਰ ਵਿੱਚ ਪ੍ਰਗਟ ਹੋਣ ਤੋਂ ਪਹਿਲਾਂ ਇਸ ਦਾ ਮੁੱਢ ਸੂਖਸ਼ਮ ਸਰੀਰ ਵਿੱਚ ਦੋ ਸਾਲ ਪਹਿਲਾਂ ਬੱਝਣਾ ਸ਼ੁਰੂ ਹੋ ਜਾਂਦਾ ਹੈ। ਆਪ ਜੀ ਨੇ ਕਈ ਦਫਾ ਡਾਕਟਰਾਂ ਦੀ ਜ਼ਬਾਨੀ ਇਹ ਸੁਣਿਆ ਹੀ ਹੋਵੇਗਾ ਕਿ ਬੀਮਾਰੀ, ਸਥੂਲ ਸਰੀਰ ਵਿੱਚ ਜ਼ਾਹਰ ਹੋਣ ਤੋਂ ਪਹਿਲਾਂ ਮਨ ਵਿੱਚ ਪੈਦਾ ਹੁੰਦੀ ਹੈ। ਇਸ ਕਥਨ ਦਾ ਇਸ਼ਾਰਾ ਭੀ ਸੂਖਸ਼ਮ ਸਰੀਰ ਵੱਲ ਹੈ। ਜਦੋਂ ਮੈਰੀਡੀਅਨ ਸਿਸਟਮ ਆਪਣੀ ਸਮਰੱਥਾ ਅਨੁਸਾਰ ਪੂਰਾ ਕੰਮ ਕਰਦਾ ਰਹੇ ਅਤੇ Life Force ਜਾਂ Energy ਸਰੀਰ ਦੇ ਹਰ ਇੱਕ ਸੈਲ ਤੱਕ ਠੀਕ ਪਹੁੰਚਦੀ ਰਹੇ ਤਾਂ ਬੀਮਾਰੀ ਪੈਦਾ ਹੋਣ ਦੀ ਕੋਈ ਗੁੰਜਾਇਸ਼ ਨਹੀਂ ਰਹਿੰਦੀ। ਜਦੋਂ ਸੂਖਸ਼ਮ ਸਰੀਰ ਤੰਦਰੁਸਤ ਹੈ ਤਾਂ ਸਥੂਲ ਸਰੀਰ ਦੇ ਬੀਮਾਰ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਇਸ ਤੋਂ ਪਹਿਲਾਂ ਕਿ ਮੈਰੀਡੀਅਨ ਸਿਸਟਮ ਪੂਰੀ ਤਰ੍ਹਾਂ ਕੰਮ ਕਿਵੇਂ ਕਰੇ ਜਾਂ ਸੂਖਸ਼ਮ ਸਰੀਰ ਨੂੰ ਅਰੋਗ ਕਿਵੇਂ ਰੱਖਿਆ ਜਾਵੇ ? ਇਸ ਤੇ ਵੀਚਾਰ ਕੀਤੀ ਜਾਵੇ, ਇਸ ਤੋਂ ਪਹਿਲਾਂ ਕੁੱਝ ਹੋਰ ਨੁਕਤੇ ਜ਼ਰੂਰੀ ਹਨ ਜਿਨ੍ਹਾਂ ਤੇ ਵਿਚਾਰ ਕਰ ਲੈਣਾ ਜ਼ਰੂਰੀ ਪਰਤੀਤ ਹੁੰਦਾ ਹੈ। ਪਹਿਲਾਂ ਇਹ ਕਿ ਚੂੰਕਿ ਗੁਰਬਾਣੀ ਅਤੇ ਗੁਰਮਤਿ ਦੇ ਹੋਰ ਧਾਰਮਿਕ ਗਰੰਥਾਂ ਅੰਦਰ, ਸੂਖਸ਼ਮ ਸਰੀਰ ਦਾ ਬਹੁਤ ਘੱਟ ਜ਼ਿਕਰ ਮਿਲਦਾ ਹੈ ਜਿਸ ਕਾਰਨ ਕੁੱਝ ਇੱਕ ਸੱਜਨਾਂ ਨੂੰ ਇਹ ਭੁਲੇਖਾ ਹੈ ਕਿ ਸੂਖਸ਼ਮ ਸਰੀਰ ਅਤੇ ਇਸ ਦੇ ਉੱਪਰ ਬਿਆਨ ਹੋਏ ਕੁੱਝ ਅੰਗਾਂ ਦਾ ਗੁਰਮਤਿ ਨਾਲ ਕੋਈ ਸੰਬੰਧ ਨਹੀਂ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਦੀ ਦਰਿਆਫ਼ਤ ਯੋਗੀਆਂ ਨੇ ਕੀਤੀ ਹੈ, ਇਸ ਲਈ ਇਸ ਵਿਸ਼ੇ ਦਾ ਸੰਬੰਧ ਸਿਰਫ਼ ਯੋਗੀਆਂ ਨਾਲ ਹੀ ਹੈ, ਸਿੱਖਾਂ ਨਾਲ ਨਹੀਂ।

ਇਸ ਦੇ ਸੰਬੰਧ ਵਿੱਚ ਅਰਜ਼ ਹੈ ਕਿ ਕੁਦਰਤ ਦੇ ਨਿਯਮ ਜਾਂ ਕਾਨੂੰਨ, ਕਿਸੀ ਭੀ ਮਜ਼ਹਬ, ਨਸਲ, ਰੰਗ ਜਾਂ ਮੁਲਕ ਦੀ ਕੈਦ ਅੰਦਰ ਨਹੀਂ ਹੁੰਦੇ। ਇਹ ਨਹੀਂ ਹੁੰਦਾ ਕਿ ਕੁਦਰਤ ਨੇ ਸਿੱਖਾਂ ਲਈ ਬਾਕੀ ਸੰਸਾਰ ਨਾਲੋਂ ਵੱਖਰੇ ਨਿਯਮ ਬਣਾਏ ਹਨ। ਕੋਈ ਮੰਨ ਲਵੇ ਜਾਂ ਕੋਈ ਨਾ ਮੰਨੇ, ਨਿਯਮ ਸਾਰੇ ਸੰਸਾਰ ਲਈ ਇੱਕ ਸਾਰ ਹੁੰਦੇ ਹਨ। ਬਿੱਲੀ ਨੂੰ ਦੇਖ ਕੇ ਜੇ ਕਬੂਤਰ ਅੱਖਾਂ ਮੀਟ ਕੇ ਸਮਝ ਲਵੇ ਕਿ ਬਿੱਲੀ ਦਾ ਵਜੂਦ ਹੀ ਕੋਈ ਨਹੀਂ, ਤਾਂ ਕਬੂਤਰ ਦੀ ਇਸ ਸਮਝ ਨਾਲ ਬਿੱਲੀ ਦਾ ਵਜੂਦ ਤਾਂ ਖਤਮ ਨਹੀਂ ਹੋ ਜਾਂਦਾ। ਕਮਿਊਨਿਸਟ ਰੱਬ ਨੂੰ ਨਹੀਂ ਮੰਨਦੇ। ਇਸ ਦਾ ਅਰਥ ਇਹ ਨਹੀਂ ਹੋ ਜਾਂਦਾ ਕਿ ਰੱਬ ਦਾ ਵਜੂਦ ਹੀ ਕੋਈ ਨਹੀਂ।

ਹਿੰਦੁਸਤਾਨ ਦੇ ਯੋਗੀਆਂ ਨੇ ਇਹ ਦਰਿਆਫਤ ਕਦੋਂ ਕੀਤੀ, ਇਸ ਦਾ ਸਾਨੂੰ ਕੋਈ ਪੱਕਾ ਪਤਾ ਨਹੀਂ ਪਰ ਚੀਨੀਆਂ ਦੇ ਮੱਤ ਅਨੁਸਾਰ, ਉਸ ਦੇ ਸੰਤਾਂ ਮਹਾਤਮਾਂ ਨੇ ਅੱਜ ਤੋਂ ਕੋਈ ਛੇ ਹਜ਼ਾਰ (6000) ਸਾਲ ਪਹਿਲਾਂ ਇਸਦੀ ਦਰਿਆਫਤ ਕੀਤੀ। ਅੱਜ ਪੂਰਬੀ ਤੇ ਪੱਛਮੀ ਦੋਨੋਂ ਪਾਸਿਆਂ ਦੇ ਵਿਦਵਾਨ ਤੇ ਖੋਜੀ, ਇਸ ਹਕੀਕਤ ਨੂੰ ਠੀਕ ਮੰਨਦੇ ਹਨ। ਸਾਇੰਸਦਾਨ ਇਸ ਤੋਂ ਭੀ ਇੱਕ ਕਦਮ ਅੱਗੇ ਨਿਕਲ ਗਏ ਹਨ। North Korea ਦੀ ਪਾਓਨਗੌਂਗ (Pyongong) ਯੂਨੀਵਰਸਿਟੀ ਦੇ ਡਾਕਟਰ Kim Bong Han ਨੇ ਸੰਨ 1937 ਵਿੱਚ ਤਜਰਬੇ ਕਰ ਕੇ ਮੈਰੀਡੀਅਨ ਸਿਸਟਮ ਦੀ ਵਿਸਥਾਰ ਸਹਿਤ ਜਾਣਕਾਰੀ ਸੰਸਾਰ ਨੂੰ ਦਿੱਤੀ ਤੇ ਹੋਰ ਸਾਇੰਸਦਾਨਾਂ ਨੇ ਇਸ ਤੇ ਤਜਰਬੇ ਕਰ ਕੇ ਇਸ ਹਕੀਕਤ ਦੀ ਪੁਸ਼ਟੀ ਕੀਤੀ ਕਿ ਇਹ ਮੈਰੀਡੀਅਨ ਲਾਈਨਜ਼ ਬਿਜਲੀ (Electricity) ਦੇ ਗੁਜ਼ਰਨ ਦੇ ਰਸਤੇ ਹਨ (......meridians are pathway way for electricity)। ਇਸ ਸਿਧਾਂਤ ਅਨੁਸਾਰ ਉਨ੍ਹਾਂ ਨੇ ਇੱਕ ਮਸ਼ੀਨ ਈਜਾਦ ਕੀਤੀ ਜਿਸ ਦਾ ਨਾਮ Point-hacotar ਹੈ ਇਹ ਮਸ਼ੀਨ ਸਰੀਰ ਅੰਦਰ ਉਨ੍ਹਾਂ Points ਦਾ ਪਤਾ ਕਰਦੀ ਹੈ ਜਿਸ ਤੇ ਕਈ ਪਾਸਿਆਂ ਤੋਂ ਮੈਰੀਡੀਅਨ ਲਾਈਨਜ਼ ਆ ਕੇ ਇਕ ਨੁਕਤੇ ਤੇ ਮਿਲਦੀਆਂ ਹਨ। ਅਗੋਂ ਇਨ੍ਹਾਂ Points ਦਾ ਪਤਾ ਕਰਕੇ Energy ਦੇ ਬਹਾਓ (Flow) ਨੂੰ ਦਰੁਸਤ ਕਰਕੇ ਸੂਖਸ਼ਮ ਸਰੀਰ ਨੂੰ ਤੰਦਰੁਸਤ ਕੀਤਾ ਜਾਂਦਾ ਹੈ। ਡਾਕਟਰ ਕਿਮ ਨੇ ਇਨ੍ਹਾਂ ਮੈਰੀਡੀਅਨਜ਼ ਦੀ ਮੋਟਾਈ 20 ਤੋਂ 50 millimicrons ਬਿਆਨ ਕੀਤੀ ਹੈ।

ਆਪ ਜੀ ਨੇ ਦਾਸ ਦਾ ਲਿਖਿਆ ਲੇਖ *'ਆਤਮਿਕ*


www.AKJ.Org

*ਸ਼ਕਤੀ'* ਸੂਰਾ, ਅਗਸਤ 1995 ਦੇ ਸਫਾ 5 ਤੇ ਸ਼ਾਇਦ ਪੜ੍ਹਿਆ ਹੋਵੇਗਾ ਕਿ ਸੂਖਸ਼ਮ ਸਰੀਰ ਦੀ Energy ਜਦੋਂ ਉਪਰ ਤੇ ਬਾਹਰ ਵਲ ਪਰਵਾਹ (Flow) ਕਰਦੀ ਹੈ ਤਾਂ ਸਰੀਰ ਤੋਂ ਬਾਹਰ ਨਿਕਲ, ਬਾਹਰ ਕੁਦਰਤ ਦੀ ਪਹਿਲਾ ਤੋਂ ਮੌਜੂਦ ਸ਼ਕਤੀ ਨਾਲ ਟਕਰਾਉਂਦੀ ਹੈ ਤਾਂ ਉਥੇ ਰੌਸ਼ਨੀ ਦੀ ਚਮਕਾਰ ਪੈਦਾ ਹੋ ਜਾਂਦੀ ਹੈ ਜਿਸ ਨੂੰ ਮੈਗਨੈਟਿਕ ਔਰਾ (Maegnetic Aura) ਆਖਦੇ ਹਨ। ਸਿਰ ਦੇ ਗਿਰਦ ਇਸ ਚਮਕਾਰ ਦਾ ਘੇਰਾ ਕੁੱਝ ਵਡੇਰਾ ਹੁੰਦਾ ਹੈ ਜਿਸ ਨੂੰ ਹਾਲੋ (Halo) ਆਖਦੇ ਹਨ। ਸਾਡੀ ਅੱਖ ਦੇ ਦੇਖਣ ਦੀ ਹੱਦ 4000 ਤੋਂ 8000 ਐਂਗਸਟਰਮ ਦੀ ਵੇਵ ਲੈਂਗਥ ਦੇ ਵਿਚਕਾਰ ਹੈ। ਇਨ੍ਹਾਂ ਦੇ ਹੱਦਾਂ ਤੋਂ ਬਾਹਰ ਇਹ ਕੁੱਝ ਨਹੀਂ ਦੇਖ ਸਕਦੀਆਂ। ਮੈਗਨੈਟਿਕ ਔਰਾ ਜਾਂ ਹਾਲੋ ਦੀ ਵੇਵ ਲੈਂਗਥ ਇਨ੍ਹਾਂ ਦੇ ਹੱਦਾਂ ਤੋਂ ਬਾਹਰ ਹੋਣ ਕਰਕੇ ਸਾਨੂੰ ਇਹ ਨਜ਼ਰ ਨਹੀਂ ਆਉਂਦੇ। ਰੂਸ ਦੇ ਇੱਕ ਸਾਇੰਸਦਾਨ Semyon Kirlian ਅਤੇ ਉਸ ਦੀ ਪਤਨੀ Valentina ਨੇ ਸੰਨ 1939 ਵਿੱਚ ਇੱਕ ਐਸਾ ਕੈਮਰਾ ਬਣਾਇਆ ਜੋ ਮੈਗਨੈਟਿਕ ਔਰਾ ਅਤੇ ਹਾਲੋ ਦੀ ਫੋਟੋ ਖਿੱਚ ਸਕਦਾ ਹੈ। ਸੰਸਾਰ ਵਿੱਚ ਕੁੱਝ ਸੱਜਨ ਐਸੇ ਭੀ ਹਨ ਜੋ ਆਪਣੀ ਮਰਜ਼ੀ ਅਨੁਸਾਰ ਆਪਣੇ ਸੂਖਸ਼ਮ ਸਰੀਰ ਨੂੰ ਸਥੂਲ ਸਰੀਰ ਤੋਂ ਵੱਖ ਕਰ ਲੈਂਦੇ ਹਨ। ਅਗਰ ਕੋਈ ਸਖਸ਼, ਆਪਣੇ ਸੂਖਸ਼ਮ ਸਰੀਰ ਵਿੱਚ ਸਥੂਲ ਤੋਂ ਬਾਹਰ ਹੋਵੇ ਤਾਂ ਉਸ ਦੇ ਪੂਰੇ ਸੂਖਸ਼ਮ ਸਰੀਰ ਦੀ ਫੋਟੋ ਭੀ ਲਈਂ ਜਾ ਸਕਦੀ ਹੈ। ਪਿਛੇਂ ਸਾਇੰਸਦਾਨਾਂ ਨੇ ਇਸ ਕਿਰਲੀਅਨ ਫੋਟੋਗਰਾਫੀ ਨਾਲ ਸਿਧ ਕੀਤਾ ਹੈ ਕਿ Energy body is a whole unified organism in itself which acts as a unit that gives off its own electromagnetic Fields. ਇਨ੍ਹਾਂ ਤੱਥਾਂ ਦੀ ਰੌਸ਼ਨੀ ਵਿੱਚ ਅਸੀਂ ਆਖ ਸਕਦੇ ਹਾਂ ਕਿ ਸਾਡੇ ਵਜੂਦ ਦੇ ਦੋ ਅੰਗ ਹਨ, ਇੱਕ ਇਹ ਨਜ਼ਰ ਆਉਂਦਾ ਸਥੂਲ ਸਰੀਰ ਤੇ ਦੂਸਰਾ ਨਜ਼ਰ ਤੋਂ ਓਹਲੇ ਸੂਖਸ਼ਮ ਸਰੀਰ।

ਸੂਖਸ਼ਮ ਸਰੀਰ ਅਤੇ ਮੂਲ-ਬੰਧ ਕਿਰਿਆ ਬਾਰੇ ਵਿਸਥਾਰਤ ਜਾਣਕਾਰੀ ਆਪ ਜੀ *'ਸੂਰਾ'* ਦਸੰਬਰ 1995 ਵਿੱਚ *'ਨਾਭ ਕੰਵਲ ਤੇ ਦਸਮ ਦੁਆਰ'* ਨਾਮੇ ਲੇਖ ਵਿੱਚ ਸ਼ਾਇਦ ਪੜ੍ਹ ਹੀ ਚੁੱਕੇ ਹੋਵੋਗੇ, ਇਸ ਲਈ ਉਸ ਨੂੰ ਹੁਣ ਫੇਰ ਦੋਹਰਾਉਣ ਤੋਂ ਸੰਕੋਚ ਕੀਤਾ ਜਾਂਦਾ ਹੈ। ਸੰਖੇਪ ਵਿੱਚ ਸਰੀਰ ਨੂੰ ਜੀਵਤ ਅਤੇ ਕਿਰਿਆਸ਼ੀਲ ਰੱਖਣ ਲਈ ਸ਼ਕਤੀ ਜਾਂ Energy ਦੀ ਲੋੜ ਹੈ। ਸ਼ਕਤੀ, ਖੁਰਾਕ ਅਤੇ ਸੁਆਸਾਂ ਦੁਆਰਾ *'ਪ੍ਰਾਣਾਂ'* ਤੋਂ ਹਾਸਲ ਕੀਤੀ ਜਾਂਦੀ ਹੈ। 'ਤੂੰ ਦਰੀਆਉ ਸਭ ਤੁਝ ਹੀ ਮਾਹਿ' (ਪੰਨਾ ੧੧) ਜਿਵੇਂ ਜਲ ਜੰਤੂਆਂ ਦੇ, ਦਰਿਆ ਅੰਦਰ ਚਾਰ ਚੌਫੇਰੇ ਜਲ ਹੀ ਜਲ ਹੁੰਦਾ ਹੈ ਇਸੀ ਤਰ੍ਹਾਂ ਹੀ ਧਰਤੀ ਤੇ ਵਸਦੇ ਜੀਵਾਂ ਦੇ ਚਾਰ ਚੌਫੇਰੇ ਹਵਾ ਅਤੇ ਪ੍ਰਾਣ ਸ਼ਕਤੀ ਮੌਜੂਦ ਹੁੰਦੀ ਹੈ। ਪ੍ਰਾਣ ਸ਼ਕਤੀ ਹਵਾ ਨਾਲ ਮਿਲ ਕੇ, ਸਵਾਸਾਂ ਦੁਆਰਾ ਸਾਡੇ ਸਰੀਰ ਅੰਦਰ ਜਾਂਦੀ ਹੈ। ਪ੍ਰਾਣ ਸ਼ਕਤੀ, ਸਰੀਰ ਅੰਦਰ ਜਜ਼ਬ ਹੋ ਜਾਂਦੀ ਹੈ ਤੇ ਹਵਾ ਖ਼ੂਨ ਅੰਦਰ ਦੀ ਸਫਾਈ ਕਰਦੀ ਹੋਈ ਬਾਹਰ ਨਿਕਲ ਜਾਂਦੀ ਹੈ। ਸ਼ਕਤੀ, ਰੀੜ੍ਹ ਦੀ ਹੱਡੀ ਦੇ ਨਿਚਲੇ ਸਿਰੇ ਤੇ ਗੁਦਾ ਦੇ ਦਰਮਿਆਨੀ ਹਿਸੇ ਮੂਲਾਧਾਰ ਵਿੱਚ ਜਮ੍ਹਾ ਹੋ ਜਾਂਦੀ ਹੈ।

ਹੁਣ ਅੱਗੇ *'ਸੋਚ'* ਦੀ ਕਿਰਿਆ ਸ਼ੁਰੂ ਹੁੰਦੀ ਹੈ। ਸੋਚ ਪੈਦਾ ਕਰਨ ਦੀ ਮਸ਼ੀਨ ਸਾਡਾ *'ਮਨ'* ਹੈ। ਪਰੇਮ ਪਿਆਰ, ਸੇਵਾ ਭਾਵ ਜਾਂ ਸਰਬੱਤ ਦੇ ਭਲੇ ਆਦਿ ਦੀ ਸ਼ੁੱਭ ਜਾਂ Positive ਸੋਚ, ਮੂਲਾਧਾਰ ਵਿੱਚ ਮੌਜੂਦ ਸ਼ਕਤੀ ਨੂੰ ਉੱਪਰ ਅਤੇ ਬਾਹਰ ਵੱਲ ਦੇ ਬਹਾਓ ਜਾਂ flow ਲਈ ਮਦਦ ਕਰਦੀ ਹੈ ਜਦੋਂ ਕਿ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਨਿੰਦਾ, ਈਰਖਾ, ਚੁਗਲੀ ਬਖੀਲੀ ਆਦਿ ਦੀ Negative ਜਾਂ ਅਸ਼ੁੱਭ ਸੋਚ, ਸ਼ਕਤੀ ਦੇ ਉੱਪਰ ਵੱਲ ਦੇ ਬਹਾਓ ਨੂੰ ਵਾਪਸ ਨੀਚੇ ਵੱਲ ਨੂੰ ਮੋੜਦੀ ਹੈ। ਜਦੋਂ ਸ਼ੁੱਭ *'ਸੋਚ'* ਦੁਆਰਾ ਸ਼ਕਤੀ ਉੱਪਰ ਵੱਲ ਚੱਲਦੀ ਹੈ ਤਾਂ ਇਸ ਦੇ ਰਸਤੇ ਵਿੱਚ ਸਤ ਮਰਕਜ਼ ਜਾਂ Centres ਐਸੇ ਆਉਂਦੇ ਹਨ ਜਿੱਥੇ ਸ਼ਕਤੀ ਜਮਾਂ ਹੋ ਆਪਣੇ ਗਿਰਦ ਚੱਕਰ ਕੱਟਣ ਲੱਗ ਜਾਂਦੀ ਹੈ। ਇਸ ਲਈ ਇਨ੍ਹਾਂ Centres ਨੂੰ ਚੱਕਰ ਦਾ ਨਾਮ ਦਿੱਤਾ ਗਿਆ ਹੈ। ਇਹ ਚੱਕਰ ਅੱਗੋਂ ਮੈਰੀਡੀਅਨ ਲਾਈਨਜ਼ ਦੇ ਜ਼ਰੀਏ, ਇਸ ਚੱਕਰ ਦੇ ਸੰਬੰਧਤ ਸਰੀਰਕ ਹਿੱਸੇ ਨੂੰ, ਸ਼ਕਤੀ ਦੀ ਸਪਲਾਈ ਕਰਦੇ ਹਨ। ਹੁਣ ਤੱਕ ਬਿਆਨ ਹੋਈ ਸ਼ੁੱਭ ਸੋਚ ਦੁਆਰਾ, ਸ਼ਕਤੀ ਦੀ ਸਪਲਾਈ ਦਾ ਸਾਰਾ ਕੰਮ, ਸੂਖਸ਼ਮ ਸਰੀਰ ਵਿੱਚ ਹੁੰਦਾ ਹੈ। ਜਿਵੇਂ ਬਿਜਲੀ ਦੇ ਕਿਸੀ ਪਾਵਰ ਹਾਊਸ ਤੋਂ ਪੈਦਾ ਹੋਈ ਬਿਜਲੀ ਸੰਬੰਧਤ ਇਲਾਕੇ ਨੂੰ, ਰਸਤੇ ਵਿੱਚ ਪੈਂਦੇ *'ਪਾਵਰ ਸਬ ਸਟੇਸ਼ਨ'* ਸਪਲਾਈ ਕਰਦੇ ਹਨ ਉਸੀ ਤਰ੍ਹਾਂ ਹੀ ਇਹ ਚੱਕਰ, ਮੂਲਾਧਾਰ ਚੱਕਰ ਤੋਂ ਉੱਪਰ ਉੱਠੀ ਸ਼ਕਤੀ ਨੂੰ ਪੂਰੇ ਸੂਖਸ਼ਮ ਸਰੀਰ ਵਿੱਚ ਪਹੁੰਚਾਉਂਦੇ



www.AKJ.Org

ਹਨ। ਸੂਖਸ਼ਮ ਸਰੀਰ ਦਾ ਸਥੂਲ ਸਰੀਰ ਦੇ ਹਰ ਇਕ ਛੋਟੇ ਤੋਂ ਛੋਟੇ ਸੈਲ ਨਾਲ ਸੰਬੰਧ ਕਾਇਮ ਹੈ, ਇਸ ਲਈ ਸੂਖਸ਼ਮ ਸਰੀਰ, ਅਗੋਂ ਸ਼ਕਤੀ ਪੂਰੇ ਸਥੂਲ ਵਿੱਚ ਵੰਡਦਾ ਹੈ ਜਿਸ ਦੇ ਨਾਲ ਸਥੂਲ ਸਰੀਰ ਜ਼ਿੰਦਾ ਤੇ ਕਿਰਿਆ ਸ਼ੀਲ ਰਹਿੰਦਾ ਹੈ।

ਅਸ਼ੁੱਭ ਜਾਂ Negative ਸੋਚ, ਸ਼ਕਤੀ ਦੇ ਬਹਾਓ ਨੂੰ ਨੀਚੇ ਵੱਲ ਮੋੜਦੀ ਹੈ। ਆਪਣੇ ਕੁਦਰਤੀ ਬਹਾਓ ਜਾਂ ਸ਼ੁੱਭ ਸੋਚ ਦੁਆਰਾ ਸ਼ਕਤੀ ਉਪਰ ਵੱਲ ਚਲਦੀ ਹੈ। ਜਿੱਥੇ ਉੱਪਰ ਤੋਂ ਥੱਲੇ ਅਤੇ ਥੱਲੇ ਤੋਂ ਉੱਪਰ ਵੱਲ ਚਲਦੀਆਂ ਸ਼ਕਤੀਆਂ ਦਾ ਮਿਲਾਪ ਹੁੰਦਾ ਹੈ ਉੱਥੇ ਸ਼ਕਤੀ ਦਾ ਇਕ ਤਰ੍ਹਾਂ ਨਾਲ ਮੇਂਦਾ (Congestion) ਜੇਹਾ ਲੱਗ, ਸ਼ਕਤੀ ਦਾ ਬਹਾਓ ਰੁੱਕ ਜਾਂਦਾ ਹੈ। ਇਸ ਰੁਕਾਵਟ ਕਾਰਨ ਸੰਬੰਧਤ ਚੱਕਰ ਨੂੰ ਪੂਰੀ ਸ਼ਕਤੀ ਨਹੀਂ ਮਿਲਦੀ। ਚੱਕਰ ਅੱਗੋਂ ਸਰੀਰ ਨੂੰ ਸ਼ਕਤੀ ਦੀ ਸਪਲਾਈ ਨਹੀਂ ਕਰ ਪਾਉਂਦਾ। ਨਤੀਜਾ ਇਹ ਹੁੰਦਾ ਹੈ ਕਿ ਸਰੀਰ ਦੇ ਉਸ ਹਿੱਸੇ ਦੇ ਸੈਲ ਮੁਰਦਾ ਹੋਣੇ ਸ਼ੁਰੂ ਹੋ ਜਾਂਦੇ ਹਨ ਅਤੇ ਉਸ ਹਿੱਸੇ ਵਿੱਚ ਕੋਈ ਨਾ ਕੋਈ ਬੀਮਾਰੀ ਉਤਪੰਨ ਹੋ ਅਸੀਂ ਬੀਮਾਰ ਹੋ ਜਾਂਦੇ ਹਾਂ। ਰੋਗ ਰਹਿਤ ਰਹਿਣ ਲਈ ਜ਼ਰੂਰੀ ਹੈ ਕਿ ਅਸੀਂ ਆਪਣੇ ਮਨ ਦੀ ਸੋਚ ਤੇ ਹਰ ਵਕਤ ਪਹਿਰਾ ਦੇਈਏ, Positive ਜਾਂ ਸ਼ੁੱਭ ਸੋਚ ਨੂੰ ਬੜਾਵਾ ਦੇਈਏ ਤੇ Negative ਜਾਂ ਅਸ਼ੁੱਭ ਸੋਚ ਤੋਂ ਬੱਚੀਏ।

ਜਿਥੇ Positive ਸੋਚ, ਸ਼ਕਤੀ ਦੇ ਉਪਰ ਵੱਲ ਬਹਾਓ ਨੂੰ ਜਾਰੀ ਰੱਖਦੀ ਹੈ ਉਥੇ ਹੀ ਮੂਲਬੰਧ ਕਿਰਿਆ, ਜਿਸ਼ ਬਾਰੇ ਵਿਸਥਾਰ ਸਹਿਤ ਵਿਚਾਰ *'ਸੂਰਾ'* ਦਸੰਬਰ 1995 ਵਿੱਚ *'ਨਾਭ ਕੰਵਲ ਤੇ ਦਸਮ-ਦੁਆਰ'* ਨਾਮੇ ਲੇਖ ਵਿੱਚ ਆਪ ਜੀ ਸ਼ਾਇਦ ਪੜ੍ਹ ਹੀ ਚੁੱਕੇ ਹੋਵੋਗੇ, ਸ਼ਕਤੀ ਨੂੰ ਮੂਲਾਧਾਰ ਤੋਂ ਖਿੱਚ ਉੱਪਰ ਦਸਮ-ਦੁਆਰ ਵੱਲ ਧੱਕਦੀ (Push ਕਰਦੀ) ਹੈ। ਜਿਵੇਂ ਇੱਕ ਕਾਰ ਵਿੱਚ ਪੈਟਰੋਲ ਟੈਂਕ ਤੇ ਕਾਰਬੋਰੇਟਰ ਵਿਚਕਾਰ ਇੱਕ ਪੰਪ ਲੱਗਾ ਹੁੰਦਾ ਹੈ ਜੋ ਪੈਟਰੋਲ ਨੂੰ ਟੈਂਕ ਤੋਂ ਖਿੱਚ ਕੇ ਕਾਰਬੋਰੇਟਰ ਵੱਲ ਧੱਕਦਾ ਹੈ, ਉਹ ਹੀ ਕੰਮ ਸਾਡੇ ਸਰੀਰ ਵਿੱਚ ਮੂਲ-ਬੰਧ ਕਿਰਿਆ ਕਰਦੀ ਹੈ। ਇਸ ਤਰ੍ਹਾਂ ਸਰੀਰ ਦੇ ਸਾਰੇ ਚੱਕਰਾਂ ਨੂੰ ਸ਼ਕਤੀ ਦੀ ਸਪਲਾਈ ਪੂਰੀ ਮਿਲਦੀ ਰਹਿੰਦੀ ਹੈ ਤੇ ਅੱਗੋਂ ਚੱਕਰ ਪੂਰੇ ਸਰੀਰ ਨੂੰ ਸ਼ਕਤੀ ਦੀ ਵੰਡ ਪੂਰੀ ਕਰਕੇ, ਸਰੀਰ ਨੂੰ ਤੰਦਰੁਸਤ ਰੱਖਦੇ ਹਨ। ਮੂਲ-ਬੰਧ ਕਿਰਿਆ, ਭਾਵੇਂ ਅਸੀਂ ਆਪਣੀ ਮਰਜ਼ੀ ਅਤੇ ਕੋਸ਼ਿਸ਼ ਨਾਲ ਕਰੀਏ ਤੇ ਭਾਵੇਂ ਕਿਸੀ ਹੋਰ ਕਾਰਨ ਕਰਕੇ ਇਹ ਆਪਣੇ ਆਪ ਹੁੰਦੀ ਰਹੇ, ਕੰਮ ਦੋਨਾਂ ਹਾਲਤਾਂ ਵਿੱਚ ਸ਼ਕਤੀ ਦੇ ਉਪਰ ਵੱਲ ਬਹਾਓ ਨੂੰ ਕਾਇਮ ਰੱਖਣਾ ਹੈ।

ਜਿਵੇਂ ਆਪ ਜੀ ਨੇ ਉਪਰ ਹਵਾਲਾ ਦਿੱਤੇ ਲੇਖ ਵਿੱਚ ਪੜ੍ਹਿਆ ਹੀ ਹੈ ਕਿ ਜਦੋਂ ਅਸੀਂ ਪੰਜ ਪਿਆਰਿਆਂ ਪਾਸੋਂ ਅੰਮ੍ਰਿਤ ਪਾਨ ਕਰਨ ਸਮੇਂ, ਦ੍ਰਿੜ੍ਹ ਕਰਵਾਈ ਗਈ ਅਰਧ-ਉਰਧੀ, ਸੁਆਸ ਗਿਰਾਸੀ ਨਾਮ ਅਭਿਆਸੀ ਜੁਗਤੀ ਦੁਆਰਾ ਇੱਕ ਵਾਰੀ *'ਵਾਹਿਗੁਰੂ'* ਸ਼ਬਦ ਦਾ ਉਚਾਰਨ ਕਰਦੇ ਹਾਂ ਤਾਂ ਇੱਕ ਮੂਲ-ਬੰਧ ਕਿਰਿਆ ਆਪਣੇ ਆਪ, ਬੇ-ਮਾਲੂਮੇ ਹੀ ਹੋ ਜਾਂਦੀ ਹੈ। ਸਾਨੂੰ ਆਪ ਜਾਣ ਬੁੱਝ ਕੇ ਕੁੱਝ ਨਹੀਂ ਕਰਨਾ ਪੈਂਦਾ। ਸ਼ਾਇਦ ਇਸੀ ਕਾਰਨ ਹੀ ਗੁਰਬਾਣੀ ਵਿੱਚ ਇਸ ਦਾ ਬਹੁਤਾ ਜ਼ਿਕਰ ਕਰਨ ਦੀ ਲੋੜ ਪਰਤੀਤ ਨਾ ਕੀਤੀ ਗਈ ਹੋਵੇ। ਹੁਕਮ ਹੈ ਕਿ "ਜਿਨਾ ਸਾਸਿ ਗਰਾਸਿ ਨ ਵਿਸਰੈ ਹਰਿ ਨਾਮਾ ਮਨਿ ਮੰਤੁ" (ਪੰਨਾ ੩੧੯) ਜਦੋਂ ਅਸੀਂ ਸਾਸ ਗਰਾਸ ਭਾਵ ਲਗਾਤਾਰ ਨਾਮ ਅਭਿਆਸ ਜਾਰੀ ਰੱਖਾਂਗੇ ਤਾਂ ਮੂਲ-ਬੰਧ ਕਿਰਿਆ ਭੀ ਆਪਣੇ ਆਪ ਲਗਾਤਾਰ ਜਾਰੀ ਰਹੇਗੀ। ਪੂਰੇ ਸਰੀਰ ਨੂੰ ਸ਼ਕਤੀ ਦੀ ਵੰਡ ਲੋੜ ਅਨੁਸਾਰ ਹੁੰਦੀ ਰਹੇਗੀ ਤੇ ਅਸੀਂ ਹਮੇਸ਼ਾਂ ਰੋਗ ਰਹਿਤ ਜਾਂ ਅਰੋਗ ਰਹਾਂਗੇ। ਇਹ ਹੈ ਕੁਦਰਤ ਦਾ ਉਹ ਨਿਯਮ ਜੋ 'ਸਰਬ ਰੋਗ ਕਾ ਅਉਖਦੁ ਨਾਮ' ਦੇ ਹੁਕਮ-ਨਾਮੇ ਦੇ ਪਿਛੇ ਕੰਮ ਕਰ ਰਿਹਾ ਹੈ।

ਫਿਲਪਾਇਨ ਵਿਚ ਵਸਦੇ ਚੀਨੀ ਮੂਲ ਦੇ ਬਾਸ਼ਿੰਦੇ ਮਿਸਟਰ ਚੋਆ ਕੋਕ ਸੁਈ (CHOA KOK SUI) ਨੇ ਆਪਣੀ ਪੁਸਤਕਾਂ 'The Ancient Science and Pranic Healing ਅਤੇ Advanced Pranic Healing ਵਿਚ ਵਿਸਥਾਰ ਸਹਿਤ, ਸੂਖਸ਼ਮ ਸਰੀਰ ਦੀ ਸ਼ਕਤੀ ਜਾਂ Energy ਦੇ flow ਨੂੰ ਠੀਕ ਢੰਗ ਨਾਲ ਕਾਇਮ ਰੱਖਣ ਦੇ ਢੰਗ ਤਰੀਕਿਆਂ ਦੀ ਸਿੱਖਿਆ ਦਿੱਤੀ ਹੈ। ਉਹ ਆਪ ਭੀ ਬਗੈਰ ਕਿਸੀ ਦਵਾਈ ਦੇ, ਸੂਖਸ਼ਮ ਸਰੀਰ ਦੀ Energy ਦੇ flow ਨੂੰ ਠੀਕ ਕਰਕੇ ਲੋਕਾਂ ਦਾ ਇਲਾਜ ਕਰਦਾ ਹੈ। ਉਸ ਦਾ ਕਹਿਣਾ ਹੈ ਕਿ ਆਉਣ ਵਾਲੇ ਕਿਸੀ ਸਮੇਂ ਜਦੋਂ ਆਮ ਲੋਕਾਂ ਨੂੰ ਇਸ ਦੀ ਜਾਣਕਾਰੀ ਹੋ ਗਈ ਤਾਂ ਮੈਡੀਕਲ ਸਾਇੰਸ ਵਿੱਚ ਇਕ ਇਨਕਲਾਬ (Revolution) ਆ ਜਾਏਗਾ, ਅਗੋਂ ਲਈ ਬਗੈਰ ਕਿਸੀ ਦਵਾਈ ਦੀ ਵਰਤੋਂ ਦੇ, ਸੂਖਸ਼ਮ ਸਰੀਰ ਦੇ Energy flow ਨੂੰ ਹੀ ਦਰੁਸਤ ਕਰਕੇ ਇਲਾਜ ਹੋਇਆ ਕਰਨਗੇ।

OOOOO



www.AKJ.Org

# ਅਨੰਦੁ ਸਾਹਿਬ ਦੇ ਉਚਾਰਣਹਾਰ ਗੁਰੂ–ਕਵੀ ਦਾ ਸਿਧਾਂਤਕ ਪਿਛੋਕੜ

(ਡਾ: ਕੁਲਦੀਪ ਕੌਰ ਮੋਹਾਲੀ)

ਸੰਸਾਰ ਦੇ ਲੋਕਾਂ ਦੀ ਦਸ਼ਾ ਬੜੀ ਤਰਸਯੋਗ ਹੈ। ਮਨੁੱਖ ਸਦਾ ਦੁੱਖਾਂ, ਗਮਾਂ, ਫਿਕਰਾਂ, ਝੋਰਿਆਂ, ਅੰਦੇਸਿਆਂ ਵਿੱਚ ਫਸਿਆ ਦੁੱਖੀ ਹੁੰਦਾ ਰਹਿੰਦਾ ਹੈ। ਸੁਭਾਵਕ ਹੈ ਕਿ ਦੁੱਖਾਂ ਦਾ ਸਤਾਇਆ ਮਨੁੱਖ ਸੁੱਖ ਦੀ ਭਾਲ ਵਿੱਚ ਲੱਗੇਗਾ। ਆਪਣੇ ਮਨ ਦੀ ਸ਼ਾਂਤੀ ਲਈ ਉਚਿਤ ਸਾਧਨਾਂ ਦੀ ਭਾਲ ਕਰੇਗਾ। ਉਸ ਦੀ ਮਾਨਸਿਕਤਾ ਅਜੀਬ ਦ੍ਵੰਦ ਵਿੱਚ ਹੁੰਦੀ ਹੈ। ਧਨੀ ਪੁਰਸ਼ਾਂ ਨੂੰ ਵੇਖ ਕੇ ਉਹ ਧਨ ਨੂੰ ਸੁੱਖ ਪ੍ਰਾਪਤੀ ਦਾ ਸਾਧਨ ਮੰਨ ਬੈਠਦਾ ਹੈ ਅਤੇ ਧਨ ਇਕੱਤਰ ਕਰਨ ਦੇ ਯਤਨਾਂ ਵਿੱਚ ਜੁੱਟ ਜਾਂਦਾ ਹੈ। ਉਹ ਸੋਚਦਾ ਹੈ ਕਿ ਧਨ ਆਸਰੇ ਐਸ਼ ਪ੍ਰਸਤੀ ਦਾ ਜੀਵਨ ਬਿਤਾਉਣ ਅਤੇ ਰੰਗ ਰਲੀਆ ਮਾਨਣ ਵਾਲੇ ਲੋਕ ਅਤਿਅੰਤ ਸੁੱਖੀ ਹਨ। ਜਦੋਂ ਉਹ 'ਕੋਠੇ ਮੰਡਪ ਮਾੜੀਆ ਪਾਸਹੁ ਚਿਤਵੀਆਹਾ' (ਪੰਨਾ ੧੨੯) ਵੇਖਦਾ ਹੈ ਤਾਂ ਸ਼ੀਸ਼ ਮਹੱਲਾਂ ਦੇ ਸੁਪਨੇ ਲੈਣੇ ਸ਼ੁਰੂ ਕਰ ਦੇਂਦਾ ਹੈ। ਪਰੰਤੂ ਤ੍ਰਿਸ਼ਨਾ ਵੱਧਦੀ ਜਾਂਦੀ ਹੈ। ਤ੍ਰਿਸ਼ਨਾ ਪੂਰਤੀ ਲਈ 'ਧਨ ਜੋਰਨ ਕਉ ਧਾਇਆ' ਵਾਲੀ ਦਸ਼ਾ ਬਣ ਜਾਂਦੀ ਹੈ। ਮਾਇਆ ਦਾ ਪਿਆਰ ਤ੍ਰਿਸ਼ਨਾ ਅਗਨੀ ਨੂੰ ਹੋਰ ਤੇਜ਼ ਕਰਦਾ ਹੈ। ਲੋਭ ਗ੍ਰਸਤ ਮਨੁੱਖ ਫਿਰ ਝੂਠ ਦੀ ਓਟ ਲੈਂਦਾ ਹੈ ਅਤੇ ਅਗਿਆਨ ਵੱਸ ਵਿਕਾਰਾਂ ਦੀ ਲਪੇਟ ਵਿੱਚ ਆ ਜਾਂਦਾ ਹੈ। ਜਿਵੇਂ ਕਿ ਗੁਰ ਫ਼ੁਰਮਾਨ ਹੈ:

ਲਾਲਚ ਝੂਠ ਬਿਕਾਰ ਮੋਹ ਬਿਆਪਤ ਮੂੜੇ ਅੰਧ।।
ਲਾਗਿ ਪਰੇ ਦੁਰਗੰਧ ਸਿਉ, ਨਾਨਕ ਮਾਇਆ ਬੰਧ।।
(ਪੰਨਾ ੨੫੨)

ਮਾਇਆ ਦੇ ਮਨਮੋਹਣੇ ਸਰੂਪ ਨੇ ਪਸ਼ੂਆਂ, ਪੰਛੀਆਂ, ਜਤੀਆਂ, ਤਪੀਆਂ, ਸੰਨਿਆਸੀਆਂ, ਦੇਵਾਂ ਆਦਿ ਨੂੰ ਵੀ ਆਪਣੀਆਂ ਸਵਰਨ ਤੰਦਾਂ ਨਾਲ ਬੰਨ੍ਹਿਆ ਹੋਇਆ ਹੈ। ਕਬੀਰ ਜੀ ਨੇ ਸੰਸਾਰ ਦੀ ਇਸ ਦਸ਼ਾ ਦਾ ਨਿਰੂਪਣ ਇਸ ਪ੍ਰਕਾਰ ਕੀਤਾ ਹੈ।

ਮਾਇਆ ਐਸੀ ਮੋਹਨੀ ਭਾਈ।।
ਜੇਤੇ ਜੀਅ ਤੇਤੇ ਡਹਕਾਈ।।
ਛਿਅ ਜਤੀ ਮਾਇਆ ਕੇ ਬੰਦਾ।।
ਨਵੈ ਨਾਥ ਸੂਰਜ ਅਰੁ ਚੰਦਾ।।
ਤਪੇ ਰਖੀਸਰ ਮਾਇਆ ਮਹਿ ਸੂਤਾ।।
ਮਾਇਆ ਮਹਿ ਕਾਲ ਅਰੁ ਪੰਚ ਦੂਤਾ।।
ਮਾਇਆ ਅੰਤਰਿ ਭੀਨੇ ਦੇਵ।।
ਸਾਗਰ ਇੰਦ੍ਰਾ ਅਰੁ ਧਰਤੇਵ।। (ਪੰਨਾ ੧੧੬੦)

ਮਾਇਆ ਸਰਪਨੀ ਦੀ ਨਿਆਈਂ ਹੈ। ਇਸਦੇ ਡੰਗ ਤੋਂ ਦੇਵਤੇ ਵੀ ਨਹੀਂ ਬਚ ਸਕੇ। ਮਾਇਆ ਅਨੇਕ ਰੂਪ ਧਾਰ ਕੇ ਉਨ੍ਹਾਂ ਨੂੰ ਵੀ ਖਿੱਚ ਪਾਈ ਰੱਖਦੀ ਹੈ:-

ਸਰਪਨੀ ਤੇ ਊਪਰਿ ਨਹੀ ਬਲੀਆ।।
ਜਿਨਿ ਬ੍ਰਹਮਾ ਬਿਸਨੁ ਮਹਾ ਦੇਉ ਛਲੀਆ।।
(ਪੰਨਾ ੪੮੦)

ਇਹ ਮਨਮੋਹਨੀ ਸਰਪਨੀ ਪਹਿਲਾਂ ਆਪਣੇ ਸੁੰਦਰ ਸਰੂਪ ਨਾਲ ਜੀਵਾਂ ਨੂੰ ਆਕਰਸ਼ਿਤ ਕਰਦੀ ਰਹਿੰਦੀ ਹੈ। ਉਨ੍ਹਾਂ ਕੋਲੋਂ ਸੇਵਾ ਕਰਾਉਂਦੀ, ਅਸਥਾਈ ਸੁੱਖਾਂ ਦੇ ਪੰਘੂੜੇ ਝੁਟਾਉਂਦੀ ਫਰਸ਼ ਉੱਤੇ ਅਰਸ਼ ਦੇ ਨਕਸ਼ੇ ਖਿੱਚ ਵਿਖਾਉਂਦੀ ਹੈ। ਪਰੰਤੂ ਨਾਗਨੀ ਫ਼ੰਨ ਖਿਲਾਰੇ ਅਤੇ ਫੁੰਕਾਰੇ ਮਾਰੇ ਬਿਨਾਂ ਕਿਵੇਂ ਰਹਿ ਸਕਦੀ ਹੈ ? ਇਹ ਕੇਵਲ ਫੁੰਕਾਰਿਆਂ ਤੱਕ ਹੀ ਸੀਮਿਤ ਨਹੀਂ ਰਹਿੰਦੀ। ਜੋ ਬਹੁਤਾ ਨੇੜੇ ਆਉਂਦਾ ਅਤੇ ਬਹੁਤਾ ਪ੍ਰੇਮ ਕਰਦਾ ਹੈ, ਉਸ ਨੂੰ ਅਛੋਪਲੇ ਹੀ ਡੰਗ ਲੈਂਦੀ ਹੈ:

ਮਾਇਆ ਹੋਈ ਨਾਗਨੀ, ਜਗਤਿ ਰਹੀ ਲਪਟਾਇ।।
ਇਸ ਕੀ ਸੇਵਾ ਜੋ ਕਰੇ, ਤਿਸ ਹੀ ਕਉ ਫਿਰਿ ਖਾਇ।।
(ਪੰਨਾ ੫੧੦)

ਇਹ ਤਾਂ ਹੈ ਅਗਿਆਨੀਆਂ ਦੀ ਦਸ਼ਾ। ਇਸ ਦੁਰਦਸ਼ਾ ਨੂੰ ਵੇਖ ਕੇ ਵਿਚਾਰਵਾਨ, ਵਿਵੇਕਸ਼ੀਲ ਅਤੇ ਗਿਆਨੀ ਪੁਰਸ਼ ਆਰੰਭ ਤੋਂ ਦ੍ਰਿਸ਼ਟਮਾਨ ਅਤੇ ਨਾਸ਼ਵਾਨ ਸੰਸਾਰ ਵਲੋਂ ਮੂੰਹ ਮੋੜ ਬੈਠੇ ਸਨ ਅਤੇ ਤਿਆਗ ਦਾ ਰਾਹ ਅਪਨਾਅ ਘਰ ਬਾਰ ਛੱਡ ਜੰਗਲਾਂ ਵਿੱਚ ਜਾ ਕੇ ਪਰਮਾਤਮਾ ਦੀ ਭਾਲ ਵਿੱਚ ਜੁੱਟ ਗਏ ਸਨ। ਕੁੱਝ ਹੋਰ ਲੋਕ ਅਜਿਹੇ ਸਨ ਜੋ ਸੰਸਾਰ ਦੇ ਦੁੱਖਾਂ ਤੋਂ ਮੁਕਤ ਹੋ ਕੇ ਮੌਤ ਪਿਛੋਂ ਸਵਰਗ ਵਿੱਚ ਵਸੇਬੇ ਦੀ ਚਾਹ ਨਾਲ ਧਰਮ ਦੇ ਆਗੂਆਂ ਵਲੋਂ ਦੱਸੇ ਕਰਮਕਾਡਾਂ ਦੇ ਜਾਲ ਵਿੱਚ ਫਸ ਗਏ। ਤੀਰਥ ਯਾਤਰਾ ਕਰਨੀ, ਪਵਿੱਤਰ ਮੰਨੀਆਂ ਜਾਂਦੀਆਂ ਨਦੀਆਂ ਅਤੇ ਵਿਸ਼ੇਸ਼ ਸਰੋਵਰਾਂ ਵਿੱਚ ਇਸ਼ਨਾਨ ਕਰਨ ਨੂੰ ਹੀ ਮੁਕਤੀ ਦਾ ਸਾਧਨ ਮੰਨ ਬੈਠੇ। ਇਸ ਚਿਤਵ੍ਰਿਤੀ ਵਿਚੋਂ ਭਿੰਨ ਭਿੰਨ ਦੇਵੀ ਦੇਵਤਿਆਂ ਦਾ ਸੰਕਲਪ ਉਭਰਿਆ। ਦੇਵਤੇ ਪਰਮ ਸੱਚ ਦੀ ਸੋਝੀ ਕਰਾਉਣ ਦੇ ਸਮਰਥ ਨਹੀਂ ਸਨ। ਉਹ ਜਾਂ ਤਾਂ ਮਾਇਆ ਵਿਹੂਣੇ ਵਿਅਕਤੀਆਂ ਦੀ ਤ੍ਰਿਸ਼ਨਾ ਮਿਟਾਉਣ ਲਈ ਵਧੇਰੇ



www.AKJ.Org

ਧਨ ਪ੍ਰਾਪਤੀ ਦੇ ਸਾਧਨ ਦੱਸਦੇ ਹੋਏ ਕਈ ਪ੍ਰਕਾਰ ਦੇ ਕਰਮ-ਜਾਲਾਂ ਵਿੱਚ ਉਲਝਾ ਦੇਂਦੇ ਸਨ, ਜਾਂ ਬਹੁਤੇ ਧਨ ਤੋਂ ਉਪਜੇ ਦੁੱਖਾਂ ਨੂੰ ਦੂਰ ਕਰਨ ਅਤੇ ਆਪਣੀ ਤ੍ਰਿਸ਼ਨਾ ਦੀ ਪੂਰਤੀ ਲਈ ਉਪਾਸ਼ਕਾਂ ਕੋਲੋਂ ਕਈ ਵਿਧੀਆਂ ਵਰਤ ਕੇ ਧਨ ਬਟੋਰਦੇ ਸਨ। ਇਹ ਖ਼ਿਆਲ ਆਮ ਪਾਇਆ ਜਾਂਦਾ ਸੀ ਕਿ ਦਾਨ ਦੇਣਾ ਪਰਮਾਤਮਾ ਦੇ ਖਜ਼ਾਨੇ ਵਿੱਚ ਆਪਣੀ ਪੂੰਜੀ ਜਮ੍ਹਾਂ ਕਰਾਉਣ ਦੇ ਤੁੱਲ ਹੈ। ਇਸਦੇ ਬਦਲੇ ਕਈ ਗੁਣਾਂ ਵਧੇਰੇ ਧਨ ਪ੍ਰਾਪਤ ਹੁੰਦਾ ਹੈ। ਦੇਵ-ਮੰਦਰਾਂ ਦੇ ਪੁਜਾਰੀਆਂ ਨੇ, ਸੰਸਾਰ ਤਿਆਗਣ ਵਾਲੇ ਸੰਨਿਆਸੀਆਂ ਨੇ ਸਵਾਰਥ ਅਧੀਨ ਬਣੇ ਸਾਧਾਂ ਸੰਤਾਂ ਨੇ ਕਈ ਤਰ੍ਹਾਂ ਦੇ ਭੇਖ ਧਾਰ ਕੇ ਜਨ ਸਧਾਰਣ ਨੂੰ ਭੁਲੇਖਿਆਂ ਵਿੱਚ ਪਾ, ਦਾਨ ਪੁੰਨ ਰਾਹੀਂ ਸਵਰਗ ਪ੍ਰਾਪਤੀ ਦਾ ਲਾਲਚ ਦੇ ਕੇ ਭਿੱਖਿਆ ਮੰਗਣੀ ਜਾਂ ਪੂਜਾ ਕਰਾ ਕੇ ਦਾਨ ਲੈਣਾ, ਮਾਨੋ ਇੱਕ ਕਿੱਤਾ ਹੀ ਬਣਾ ਲਿਆ ਸੀ। ਜੋ ਆਮ ਵਿਅਕਤੀ ਮਾਇਆ ਦੇ ਲਾਲਚ ਵਿੱਚ ਫਸ ਕੇ ਦੁੱਖੀ ਹੁੰਦਾ ਸੀ ਤਾਂ ਕਥਿਤ ਧਾਰਮਿਕ ਆਗੂ ਤੇ ਉਨ੍ਹਾਂ ਦੇ ਸ਼ਰਧਾਲੂ ਅਖੌਤੀ ਤਿਆਗ ਤੇ ਵੈਰਾਗ ਦੇ ਰਾਹ ਤੇ ਚੱਲਦੇ ਹੋਏ, ਸਹੀ ਮਾਰਗ ਦੀ ਸੋਝੀ ਤੋਂ ਸੱਖਣੇ ਭੇਖਾਂ, ਪਾਖੰਡਾਂ ਤੇ ਕਰਮ ਕਾਂਡਾਂ ਦੇ ਜਾਲ ਵਿੱਚ ਫਸ ਕੇ ਤ੍ਰਿਸ਼ਨਾਲੂ ਬ੍ਰਿਤੀ ਦੇ ਧਾਰਨੀਯ ਹੋ ਚੁੱਕੇ ਸਨ। ਸੁੱਖ ਸ਼ਾਂਤੀ ਤੇ ਅਨੰਦ ਦੀ ਭਾਲ ਵਿੱਚ ਉਹ ਦਰ ਦਰ ਭਟਕਦੇ ਫਿਰਦੇ ਸਨ। ਧਰਮ ਕਰਮ ਤੇ ਦਾਨ ਪੁੰਨ ਤੋਂ ਇਲਾਵਾ ਤੀਰਥ ਯਾਤਰਾ ਤੇ ਤੀਰਥ ਇਸ਼ਨਾਨ ਮੁਕਤੀ ਦੇ ਪ੍ਰਮੁੱਖ ਸਾਧਨ ਮੰਨੇ ਜਾਂਦੇ ਸਨ। ਧਾਰਮਿਕ ਰੁਚੀਆਂ ਵਾਲੇ ਵਿਅਕਤੀ ਇਨ੍ਹਾਂ ਕੰਮਾਂ ਵਿੱਚ ਵਿਸ਼ੇਸ਼ ਦਿਲਚਸਪੀ ਰੱਖਦੇ ਸਨ।

ਸ੍ਰੀ ਗੁਰੂ ਅਮਰਦਾਸ ਜੀ ਬਚਪਨ ਤੋਂ ਹੀ ਗੰਭੀਰ ਧਾਰਮਿਕ ਵਿਸ਼ਵਾਸ਼ਾਂ ਵਾਲੇ ਸਨ। ਸ੍ਰੀ ਤੇਜਭਾਨ ਭੱਲਾ ਦੇ ਘਰ ਜਨਮ ਲੈ ਕੇ ਆਪਨੇ ਆਪਣੇ ਖਾਨਦਾਨੀ ਕਿੱਤੇ ਖੇਤੀਬਾੜੀ ਤੇ ਵਪਾਰ ਵਿੱਚ ਪੂਰੀ ਦਿਲਚਸਪੀ ਲਈ ਅਤੇ ਨਾਲ ਨਾਲ ਧਾਰਮਿਕ ਰਹੁਰੀਤਾਂ ਨਿਭਾਉਣ ਵੱਲ ਵੀ ਪੂਰਾ ਧਿਆਨ ਦਿੱਤਾ। ਦੇਵੀ ਦੇਵਤਿਆਂ ਦੀ ਪੂਜਾ ਕਰਨੀ, ਦਾਨ ਪੁੰਨ ਦੇਣਾ, ਧਰਮ ਮੰਦਰਾਂ ਵਿੱਚ ਜਾਣਾ, ਤੀਰਥ ਇਸ਼ਨਾਨ ਆਦਿ ਆਪਦੇ ਨਿਤਕ੍ਰਮ ਦਾ ਵਿਸ਼ੇਸ਼ ਅੰਗ ਸਨ। ਇਤਿਹਾਸ ਦੱਸਦਾ ਹੈ ਕਿ ਆਪਨੇ 42 ਵਰ੍ਹਿਆਂ ਦੀ ਆਯੂ ਵਿੱਚ ਹਰਿਦੁਆਰ ਦੀ ਯਾਤਰਾ ਅਤੇ ਗੰਗਾ ਇਸ਼ਨਾਨ ਦਾ ਪ੍ਰੋਗ੍ਰਾਮ ਬਣਾਇਆ ਅਤੇ 20 ਸਾਲ ਲਗਾਤਾਰ ਹਰਿਦੁਆਰ ਜਾਂਦੇ ਅਤੇ ਵਿੱਤ ਅਨੁਸਾਰ ਪੁੰਨ ਦਾਨ ਕਰਦੇ ਰਹੇ। ਉਨ੍ਹਾਂ ਦਿਨਾਂ ਵਿੱਚ ਯਾਤਰਾ ਬੜੀ ਕਠਿਨ ਘਾਲਣਾ ਦਾ ਕੰਮ ਸੀ। ਨੇਮ ਨਾਲ ਪ੍ਰੋਗਰਾਮ ਨਿਭਾਉਣਾ ਆਪ ਦੇ ਸਿਦਕ, ਸਿਰੜ ਅਤੇ ਮਿਹਨਤ ਦੀ ਰੁਚੀ ਦਾ ਪ੍ਰਤੀਕ ਸੀ। ਸਾਧ ਪੁਰਸ਼ਾਂ ਦੀ ਸੰਗਤ ਕਰਨੀ ਅਤੇ ਉਹਨਾਂ ਦੀ ਸੇਵਾ ਪੂਰੀ ਸ਼ਰਧਾ ਭਾਵਨਾ ਨਾਲ ਨਿਭਾਉਣ ਵਿੱਚ ਵੀ ਆਪ ਪਰਪੱਕ ਸਨ। ਇਸੇ ਲਈ ਹਿੰਦੂ ਯਾਤਰੂਆਂ ਵਿੱਚ ਆਪ ਦਾ ਸਤਿਕਾਰ ਬਹੁਤ ਵਧੇਰੇ ਸੀ। ਪਰੰਤੂ ਇਸ ਸਭ ਦੇ ਬਾਵਜੂਦ ਵੀ ਆਪ ਨੂੰ ਆਤਮਿਕ ਸੁੱਖ ਦੀ ਪ੍ਰਾਪਤੀ ਨਹੀਂ ਸੀ ਹੋਈ। ਸਦਾ ਆਪਣੇ ਅੰਦਰ ਇੱਕ ਖ਼ਲਾਅ ਅਨੁਭਵ ਕਰਦੇ ਰਹਿੰਦੇ ਸਨ। ਆਪ ਨੂੰ ਆਤਮਕ ਭੁੱਖ ਦੀ ਪੂਰਤੀ ਹੁੰਦੀ ਨਹੀਂ ਸੀ ਦਿਸਦੀ।

ਹਰਿਦੁਆਰ ਦੀ ਯਾਤਰਾ ਦੌਰਾਨ ਹੀ ਇੱਕ ਵਾਰੀ ਇੱਕ ਵੈਸ਼ਨਵ ਸਾਧੂ ਕੋਲੋਂ ਜੋ ਹਰਿਦੁਆਰ ਤੋਂ ਬਾਸਰਕੇ ਤੱਕ ਆਪਦੇ ਨਾਲ ਹੀ ਆਇਆ ਸੀ, ਗੁਰੂ ਧਾਰਨ ਕਰਨ ਦੀ ਲੋੜ ਦੇ ਮਹੱਤਵ ਦਾ ਪਤਾ ਲੱਗਾ ਅਤੇ ਅਹਿਸਾਸ ਹੋਇਆ ਕਿ "ਨਿਗੁਰੇ ਕਾ ਹੈ ਨਾਉ ਬੁਰਾ"। ਬਸ ਫਿਰ ਕੀ ਸੀ, ਆਪ ਦੇ ਅੰਦਰ ਗੁਰੂ ਧਾਰਨ ਕਰਨ ਅਤੇ ਗੁਰੂ ਦਰਸ਼ਨਾਂ ਦੀ ਤਾਂਘ ਪ੍ਰਬਲ ਹੋ ਗਈ। ਸੱਚੇ ਗੁਰੂ ਦੀ ਭਾਲ ਦੀ ਤਮੰਨਾ ਤੀਬਰ ਰੂਪ ਵਿੱਚ ਪ੍ਰਗਟ ਹੋ ਉੱਠੀ। ਆਪਦੇ ਹਿਰਦੇ ਵਿੱਚ ਕੋਮਲਤਾ ਤੇ ਪ੍ਰੀਤ ਦਾ ਵਲਵਲਾ ਤਾਂ ਹੈ ਹੀ ਸੀ ਅਤੇ ਨਾਲ ਹੀ ਆਦਰਸ਼ ਪੂਰਤੀ ਦੀ ਲਗਨ ਵੀ ਅਤੁੱਟ ਸੀ, ਪਰੰਤੂ ਕਿਸੇ ਪੂਰੇ ਗੁਰੂ ਦੀ ਸੋਅ ਨਾ ਮਿਲਣ ਕਰਕੇ ਮਨ ਸਦਾ ਅਸ਼ਾਂਤ ਤੇ ਬਿਹਬਲ ਰਹਿੰਦਾ ਸੀ। ਵਾਹਿਗੁਰੂ ਦੀ ਬਖਸ਼ਿਸ਼ ਨਾਲ ਇਕ ਦਿਨ ਅੰਮ੍ਰਿਤ ਵੇਲੇ ਆਪ ਨੇ ਆਪਣੇ ਭਤੀਜੇ ਦੀ ਪਤਨੀ ਬੀਬੀ ਅਮਰੋ ਕੋਲੋਂ ਬੜੇ ਪ੍ਰੇਮ ਤੇ ਵੈਰਾਗ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਪਾਠ ਹੁੰਦਾ ਸੁਣਿਆ ਤਾਂ ਆਪ ਨੂੰ ਹਿਰਦੇ ਵਿੱਚ ਇੱਕ ਮਿੱਠੀ ਜਿਹੀ ਚੋਭ, ਇਕ ਰਸ ਭਰੀ ਕਸਕ ਅਤੇ ਖਿੱਚ ਭਰੀ ਧੂਹ ਮਹਿਸੂਸ ਹੋਈ। ਬੀਬੀ ਅਮਰੋ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਸੀ। ਬਾਲਪਣ ਤੋਂ ਹੀ ਬਾਣੀ ਨਾਲ ਉਸ ਦਾ ਪਿਆਰ ਸੀ। ਉਹ ਪ੍ਰੇਮ ਤੇ ਨੇਮ ਨਾਲ ਗੁਰਬਾਣੀ ਗਾਂਵਿਆ ਕਰਦੀ ਸੀ। ਕੰਮ ਕਰਦਿਆਂ ਚਿੱਤ ਗੁਰੂ ਵਿੱਚ ਜੁੜਿਆ ਹੋਣ ਕਰਕੇ, ਸਹਿਜ ਸੁਭਾ ਬਾਣੀ ਦੀ ਮਿੱਠੀ ਮਿੱਠੀ ਧੁਨੀ ਉਸ ਦੇ ਮੁੱਖ ਚੋਂ ਨਿਕਲਦੀ ਰਹਿੰਦੀ ਸੀ। ਇੱਕ ਅੰਮ੍ਰਿਤ ਵੇਲਾ, ਦੂਜਾ ਪੂਰੇ ਗੁਰੂ ਦੀ ਧੁਰੋਂ ਆਈ ਬਾਣੀ, ਤੀਜਾ ਪ੍ਰੇਮ ਕੁੱਠੇ ਹਿਰਦੇ ਵਿਚੋਂ ਗੁਰਗੋਦ ਵਿੱਚ ਪਲੀ ਬੀਬੀ ਅਮਰੋ ਦੇ ਕੰਠ ਤੇ ਹੋਠਾਂ ਦੁਆਰਾ ਮਧੁਰ ਸੁਰ ਵਿੱਚ ਗਾਈ ਜਾ ਰਹੀ ਬਾਣੀ ਦਾ ਕਰਾਮਾਤੀ ਅਸਰ



www.AKJ.Org

ਹੋਇਆ। ਭਾਈ ਵੀਰ ਸਿੰਘ ਜੀ ਅਨੁਸਾਰ ਬੀਬੀ ਅਮਰੋ ਹੇਠ ਲਿਖਿਆ ਸ਼ਬਦ ਗਾ ਰਹੀ ਸੀ।

ਕਰਣੀ ਕਾਗਦੁ ਮਨੁ ਮਸਵਣੀ
ਬੁਰਾ ਭਲਾ ਦੁਇ ਲੇਖ ਪਏ।।
ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ
ਤਉ ਗੁਣ ਨਾਹੀ ਅੰਤੁ ਹਰੇ।।੧।।
ਚਿਤ ਚੇਤਸਿ ਕੀ ਨਹੀ ਬਾਵਰਿਆ।।
ਹਰਿ ਬਿਸਰਤ ਤੇਰੇ ਗੁਣ ਗਲਿਆ।।੧।।ਰਹਾਉ।।
ਜਾਲੀ ਰੈਨਿ ਜਾਲੁ ਦਿਨੁ ਹੂਆ
ਜੇਤੀ ਘੜੀ ਫਾਹੀ ਤੇਤੀ।।
ਰਸਿ ਰਸਿ ਚੋਗ ਚੁਗਹਿ ਨਿਤ ਫਾਸਹਿ
ਛੂਟਸਿ ਮੂੜੇ ਕਵਨ ਗੁਣੀ।।੨।।
ਕਾਇਆ ਆਰਣੁ ਮਨੁ ਵਿਚ ਲੋਹਾ
ਪੰਚ ਅਗਨਿ ਤਿਤੁ ਲਾਗਿ ਰਹੀ।।
ਕੋਇਲੇ ਪਾਪ ਪੜੇ ਤਿਸੁ ਊਪਰਿ
ਮਨੁ ਜਲਿਆ ਸੰਨੀ ਚਿੰਤ ਭਈ।।੩।।
ਭਇਆ ਮਨੂਰੁ ਕੰਚਨੁ ਫਿਰਿ ਹੋਵੈ
ਜੇ ਗੁਰੁ ਮਿਲੈ ਤਿਨੇਹਾ।।
ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ
ਤਉ ਨਾਨਕ ਤ੍ਰਿਸਟਸਿ ਦੇਹਾ।।੪।। (ਪੰਨਾ ੯੯੦)

ਇਹ ਸ਼ਬਦ ਸੁਣਕੇ ਬਾਬਾ ਅਮਰਦਾਸ ਜੀ ਨੂੰ ਹਿਰਦੇ ਵਿੱਚ ਉਹ ਠੰਢਕ ਮਹਿਸੂਸ ਹੋਈ, ਵੀਹ ਵਰ੍ਹਿਆਂ ਦੇ ਗੰਗਾ ਇਸ਼ਨਾਨ ਨਾਲ ਜਿਸ ਦਾ ਕਿਣਕਾ ਮਾਤਰ ਵੀ ਨਹੀਂ ਸੀ ਮਿਲਿਆ। ਬਾਣੀ ਦੇ ਰਚਨਹਾਰ ਅਤੇ ਗੁਰ ਗੱਦੀ ਦੇ ਵਾਰਸ ਬਾਰੇ ਜਾਣਕਾਰੀ ਹਾਸਲ ਕਰਕੇ ਆਪ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਸ਼ਨਾਂ ਲਈ ਚੱਲ ਪਏ। ਦਰਸ਼ਨ ਕਰਕੇ ਮਨ ਅਜਿਹਾ ਸ਼ਾਂਤ ਹੋਇਆ ਕਿ ਕੁੜਮਾਂ ਵਾਲਾ ਰਿਸ਼ਤਾ ਭੁੱਲ ਆਪ ਗੁਰੂ ਦਰ ਦੇ ਭੌਰੇ ਹੋ ਉੱਥੇ ਹੀ ਟਿਕ ਗਏ ਅਤੇ ਲੱਗੇ ਸੇਵਾ ਕਰਨ। ਦਿਨ ਰਾਤ ਸੇਵਾ ਵਿੱਚ ਜੁੱਟੇ ਰਹਿਣਾ ਆਪ ਦਾ ਨਿਤ-ਕ੍ਰਮ ਸੀ।

ਗੁਰੂ ਦੇ ਦਰਸ਼ਨਾਂ ਉਪਰੰਤ ਆਪ ਨੂੰ ਸਭ ਕਰਮ ਕਾਂਡ, ਪੁੰਨਦਾਨ, ਤੀਰਥ ਇਸ਼ਨਾਨ ਆਦਿ ਕਰਮ ਫੋਕਟ ਦਿਸਣ ਲੱਗ ਪਏ। ਸੇਵਾ ਤੇ ਸਿਮਰਨ ਦੀ ਨਿਰੰਤਰ ਘਾਲਣਾ ਸਦਕਾ ਆਪ ਗੁਰਗੱਦੀ ਦੇ ਸਵਾਮੀ ਬਣੇ। ਇਹ ਇੱਕ ਵੱਖਰਾ ਵਿਸ਼ਾ ਹੈ ਪਰ ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਗੁਰਗੱਦੀ ਉੱਤੇ ਸਸ਼ੋਭਿਤ ਹੋਣ ਉਪਰੰਤ ਆਪ ਨੇ ਆਪਣੀ ਬਾਣੀ ਵਿੱਚ ਇਨ੍ਹਾਂ ਸਾਰੇ ਕਰਮਕਾਂਡਾਂ ਦਾ ਜ਼ੋਰਦਾਰ ਸ਼ਬਦਾਂ ਵਿੱਚ ਖੰਡਨ ਕੀਤਾ। ਪੰਡਤ ਧਰਮ ਗ੍ਰੰਥ ਪੜ੍ਹਦੇ ਪੜ੍ਹਦੇ ਥੱਕ ਜਾਂਦੇ ਹਨ, ਸਿੱਧ ਸਮਾਧੀਆਂ ਲਾ ਕੇ ਬੈਠੇ ਰਹਿੰਦੇ ਹਨ, ਭੇਖੀ ਅਨੇਕ ਪ੍ਰਕਾਰ ਦੇ ਭੇਖ ਧਾਰਦੇ ਹਨ, ਤੀਰਥ ਇਸ਼ਨਾਨ ਕਰਨ ਵਾਲੇ ਵੀ ਬੇਅੰਤ ਹਨ, ਪਰ ਇਨ੍ਹਾਂ ਸਾਰਿਆਂ ਦੇ ਮਨ ਚੰਚਲਤਾ ਵਿੱਚ ਗ੍ਰਸੇ, ਭਟਕਣਾ ਵਿੱਚ ਫਸੇ ਰਹਿੰਦੇ ਹਨ ਕਿਉਂਕਿ ਮਨ ਨੂੰ ਵੱਸ ਕਰਨ ਦੀ ਜੁਗਤੀ ਇਨ੍ਹਾਂ ਕੋਲ ਨਹੀਂ:-

ਮਨਮੁਖ ਮੰਨੁ ਅਜਿਤੁ ਹੈ ਦੂਜੈ ਲਗੈ ਜਾਇ।।
ਤਿਸਨੋ ਸੁਖੁ ਸੁਪਨੈ ਨਹੀ ਦੁਖੇ ਦੁਖਿ ਵਿਹਾਇ।।
ਘਰਿ ਘਰਿ ਪੜਿ ਪੜਿ ਪੰਡਿਤ ਥਕੇ ਸਿਧ ਸਮਾਧਿ ਲਗਾਇ।।
ਇਹੁ ਮਨੁ ਵਸਿ ਨ ਆਵਈ ਥਕੇ ਕਰਮ ਕਮਾਇ।।
ਭੇਖਧਾਰੀ ਭੇਖ ਕਰਿ ਥਕੇ ਅਠਿਸਠਿ ਤੀਰਥ ਨਾਇ।।
ਮਨ ਕੀ ਸਾਰ ਨ ਜਾਣਨੀ ਹਉਮੈ ਭਰਮਿ ਭੁਲਾਇ।।
(ਪੰਨਾ ੬੪੪)

ਜਗ ਹਉਮੈ ਮੈਲੁ ਦੁਖ ਪਾਇਆ
ਮਲੁ ਲਾਗੀ ਦੂਜੈ ਭਾਇ।।
ਮਲੁ ਹਉਮੈ ਧੋਤੀ ਕਿਵੈ ਨ ਉਤਰੈ
ਜੇ ਸਉ ਤੀਰਥ ਨਾਇ।।
ਬਹੁ ਬਿਧਿ ਕਰਮ ਕਮਾਵਦੇ
ਦੂਣੀ ਮਲ ਲਾਗੀ ਆਇ।।
ਪੜਿਐ ਮੈਲੁ ਨ ਉਤਰੈ
ਪੂਛਹੁ ਗਿਆਨੀਆ ਜਾਇ।। (ਪੰਨਾ ੩੯)

ਬ੍ਰਾਹਮਣ ਆਪਣੇ ਆਪ ਨੂੰ ਉੱਚਾ ਮੰਨ ਕੇ ਮੁਕਤੀ ਦਾਤੇ ਬਣ ਬੈਠੇ ਸਨ ਅਤੇ ਸ਼ੂਦਰਾਂ ਨੂੰ ਧਰਮ ਗ੍ਰੰਥ ਪੜ੍ਹਨ ਦੀ ਵੀ ਆਗਿਆ ਨਹੀਂ ਸਨ ਦੇਂਦੇ। ਗੁਰੂ ਅਮਰਦਾਸ ਜੀ ਨੇ ਦੇਵੀ ਦੇਵਤਿਆਂ ਦੀ ਪੂਜਾ ਕਰਦਿਆਂ, ਹਰਿਦੁਆਰ ਗੰਗਾ ਇਸ਼ਨਾਨ ਸਮੇਂ ਪੰਡਿਤਾਂ ਦੇ ਭੇਖ ਤੇ ਪਾਖੰਡ ਵੇਖਦਿਆਂ ਅਤੇ ਅਖੌਤੀ ਸੰਤਾਂ ਸਾਧਾਂ ਦੇ ਮੇਲ ਮਿਲਾਪ ਨਾਲ ਜਾਤੀਆਂ ਦੇ ਅੰਤਰ ਅਤੇ ਉੱਚੀ ਜ਼ਾਤ ਵਾਲਿਆਂ ਦੇ ਹੰਕਾਰ ਭਰੇ ਵਰਤਾਉ ਨੂੰ ਚੰਗੀ ਤਰ੍ਹਾਂ ਵੇਖਿਆ ਪਰਖਿਆ ਸੀ। ਨਿਜ ਪਰਖੇ ਧਾਰਮਿਕ ਆਗੂਆਂ ਨੂੰ ਸੰਬੋਧਨ ਕਰਕੇ ਆਪ ਨੇ ਚੰਗੀ ਤਰ੍ਹਾਂ ਵੰਗਾਰਿਆਂ:

ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ।।
ਇਸੁ ਗਰਬ ਤੇ ਚਲਹਿ ਬਹੁਤ ਵਿਕਾਰਾ।।
(ਪੰਨਾ ੧੧੨੭-੨੮)

ਜਾਤਿ ਜਨਮ ਨਹ ਪੂਛੀਐ ਸਚੁ ਘਰੁ ਲੇਹੁ ਬਤਾਇ।।
ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ।।
(ਪੰਨਾ ੧੩੩੦)

ਸਾਧ ਬਣ ਕੇ ਹੱਥ ਵਿੱਚ ਠੂਠਾ ਫੜ ਘਰ ਘਰ ਮੰਗਣ ਜਾਣ ਦਾ ਵੀ ਆਪਨੇ ਕਰੜੇ ਸ਼ਬਦਾਂ ਵਿੱਚ ਵਿਰੋਧ


www.AKJ.Org

ਕੀਤਾ ਅਤੇ ਦਾਨ ਦੇਣ ਵਾਲਿਆਂ ਨੂੰ ਵੀ ਆਖਿਆ ਕਿ ਦਾਨ ਦਾ ਪਾਤ੍ਰ ਵੇਖ ਕੇ ਹੀ ਦਾਨ ਕਰਨਾ ਚਾਹੀਦਾ ਹੈ। ਮੰਗ ਕੇ ਖਾਣ ਦਾ ਵਿਰੋਧ ਆਪ ਇਸ ਤਰ੍ਹਾਂ ਕਰਦੇ ਹਨ:-

ਸਤਿਗੁਰਿ ਮਿਲਿਐ ਭੁਖ ਗਈ ਭੇਖੀ ਭੁਖ ਨ ਜਾਇ।।
ਦੁਖਿ ਲਗੈ ਘਰਿ ਘਰਿ ਫਿਰੈ ਅਗੈ ਦੂਣੀ ਮਿਲੈ ਸਜਾਇ।।
ਇਸੁ ਭੇਖੈ ਥਾਵਹੁ ਗਿਰਹੋ ਭਲਾ ਜਿਥਹੁ ਕੋ ਵਰਸਾਇ।।
(ਪੰਨਾ ੫੮੭)

ਅਭਿਆਗਤ ਏਹਿ ਨ ਆਖੀਅਨਿ
ਜਿ ਪਰ ਘਰਿ ਭੋਜਨੁ ਕਰੇਨਿ।।
ਉਦਰੈ ਕਾਰਣਿ ਆਪਣੇ
ਬਹਲੇ ਭੇਖ ਕਰੇਨਿ।।
ਅਭਿਆਗਤ ਸੇਈ ਨਾਨਕਾ
ਜਿ ਆਤਮ ਗਉਣੁ ਕਰੇਨਿ।।
ਭਾਲਿ ਲਹਨਿ ਸਹੁ ਆਪਣਾ
ਨਿਜ ਘਰਿ ਰਹਣੁ ਕਰੇਨਿ।। (ਪੰਨਾ ੯੪੯)

ਅਜੋਕੇ ਯੁੱਗ ਵਿੱਚ ਵੀ ਪਾਂਡਿਆਂ ਦੀ ਸਿੱਖਿਆ ਬਹੁਤ ਲੋਕ ਮੰਨਦੇ ਸਨ। ਜੇ ਸਿਖਿਆ ਨੂੰ ਨਾ ਵੀ ਮੰਨਦੇ ਹੋਣ ਤਾਂ ਉਨ੍ਹਾਂ ਦੇ ਪਾਏ ਵਹਿਮਾਂ ਭਰਮਾਂ ਅਤੇ ਨਰਮ ਸਵਰਗ ਬਾਰੇ ਦਿੱਤੇ ਵਿਚਾਰਾਂ ਦਾ ਅਸਰ ਕਾਫ਼ੀ ਦਿਖਾਈ ਦੇਂਦਾ ਹੈ। ਗੁਰੂ ਜੀ ਦੇ ਸਮੇਂ ਤਾਂ ਪਾਂਡਿਆਂ ਦਾ ਬਹੁਤ ਜ਼ੋਰ ਸੀ ਉਹ ਪਰਮਾਤਮਾ ਦੀ ਪ੍ਰਾਪਤੀ ਲਈ ਵੀ ਰੁੱਤਾਂ ਥਿਤਾਂ ਨੂੰ ਮੁੱਖ ਰੱਖਕੇ ਸਾਧਨ ਦੱਸਦੇ ਸਨ। ਇਕਾਦਸ਼ੀ ਨੂੰ ਵਿਸ਼ਨੂੰ ਦਾ ਦਿਨ, ਦੁਆਦਸ਼ੀ ਨੂੰ ਬਾਵਨ ਅਵਤਾਰ ਦਾ ਦਿਨ, ਨੌਮੀ ਦੇਵੀ ਦਾ ਦਿਨ, ਦਸਮੀ ਨੂੰ ਦਿਗਪਾਲਾ ਦਾ ਦਿਨ ਮੰਨਦੇ ਸਨ। (ਅਸ਼ਟ ਗੁਰ ਚਮਤਕਾਰ) ਗੁਰੂ ਜੀ ਨੇ ਥਿਤਾਂ ਬਾਰੇ ਵੀ ਭੁਲੇਖੇ ਦੂਰ ਕੀਤੇ ਅਤੇ ਫੁਰਮਾਇਆ:-

ਨਉਮੀ ਨੇਮੁ ਸਚੁ ਜੇ ਕਰੈ।।
ਕਾਮ ਕ੍ਰੋਧੁ ਤ੍ਰਿਸਨਾ ਉਚਰੈ।।
ਦਸਮੀ ਦਸੇ ਦੁਆਰ ਜੋ ਠਾਕੈ,
ਏਕਾਦਸੀ ਏਕ ਕਰਿ ਜਾਣੈ।।
ਦੁਆਦਸੀ ਪੰਚ ਵਸਗਤਿ ਕਰ ਰਾਖੈ,
ਤਉ ਨਾਨਕ ਮਨੁ ਮਾਨੈ।।
ਐਸਾ ਵਰਤ ਰਹੀਜੈ ਪਾਡੇ,
ਹੋਰ ਬਹੁਤੁ ਸਿਖ ਕਿਆ ਦੀਜੈ।। (ਪੰਨਾ ੧੨੪੫)

ਗੁਰੂ ਦੀ ਸ਼ਰਨ ਆਉਣ ਤੋਂ ਪਹਿਲਾਂ ਗੁਰੂ ਅਮਰਦਾਸ ਜੀ ਜਿਨ੍ਹਾਂ ਅਧਿਆਤਮਕ ਤੇ ਧਾਰਮਿਕ ਪੁਰਸ਼ਾਂ ਵਿੱਚ ਵਿਚਰਦੇ ਰਹੇ ਸਨ, ਉਨ੍ਹਾਂ ਨੂੰ ਬੜੀ ਵਿਵੇਕਸ਼ੀਲ ਬਿਧੀ ਨਾਲ ਆਪਨੇ ਸਹੀ ਮਾਰਗ ਦੀ ਸੋਝੀ ਕਰਾਈ। ਆਪ ਬਾਹਠ ਸਾਲ ਦੀ ਆਯੂ ਤੱਕ ਜਿਨ੍ਹਾਂ ਕਰਮਕਾਂਡਾਂ ਨੂੰ ਸਹੀ ਮੰਨ ਕੇ ਪਰਮੇਸ਼ਰ ਦੀ ਭਾਲ ਕਰਦੇ ਰਹੇ ਸਨ ਪਰ ਨਿਸ਼ਾਨੇ ਤੱਕ ਨਹੀਂ ਸਨ ਪਹੁੰਚੇ, ਗੁਰੂ ਦੁਆਰੇ ਆਉਣ ਪਿਛੋਂ ਸਤਿਗੁਰੂ ਦੀ ਦ੍ਰਿਸ਼ਟੀ ਪੈਂਦਿਆਂ ਹਿਰਦੇ ਰੂਪੀ ਤਖ਼ਤੀ ਉੱਤੇ ਲਿਖਿਆ ਸਭ ਕੁੱਝ ਨਿਰਾਰਥਕ ਭਾਸਣ ਲੱਗ ਪਿਆ। ਆਪ ਨੇ ਧਾਰਮਿਕ ਸਮਾਜਕ ਤੇ ਰਾਜਨੀਤਕ ਖੇਤਰ ਦੇ ਆਗੂਆਂ ਨੂੰ ਤਕੜਾ ਹਲੂਣਾ ਦਿੱਤਾ। ਫਲ ਸਰੂਪ ਗੁਰੂ ਜੀ ਦੀ ਸ਼ਰਨ ਵਿੱਚ ਆਉਣ ਵਾਲੇ ਅਨੇਕਾਂ ਜੀਵ ਵਰੋਸਾਏ ਜਾ ਕੇ ਨਵਾਂ ਜੀਵਨ ਜੀਉਣ ਲੱਗੇ।

'ਸਤਿਗੁਰ ਕੈ ਜਨਮੈ ਗਵਨ ਮਿਟਾਇਆ।।'

ਦੇ ਗੁਰਵਾਕ ਅਨੁਸਾਰ ਜਿਵੇਂ ਗੁਰੂ ਅਮਰਦਾਸ ਜੀ ਨੇ ਆਪਣੇ ਜੀਵਨ ਵਿੱਚ ਸਥਿਰਤਾ, ਸ਼ਾਂਤੀ, ਆਨੰਦ, ਸਹਜ, ਨਾਮ ਅੰਮ੍ਰਿਤ ਦੀ ਰੁਣ-ਝੁਣਕਾਰ, ਅਨਹਦ ਸ਼ਬਦ ਦੀ ਅਗੰਮੀ ਧੁਨੀ ਅਨੁਭਵ ਕੀਤੀ ਸੀ ਉਸੇ ਤਰ੍ਹਾਂ ਆਪ ਦੀ ਸ਼ਰਨ ਵਿੱਚ ਆਏ ਗੁਰਸਿੱਖਾਂ ਨੇ ਆਪ ਕੋਲੋਂ ਅਮੁੱਲ ਗੁਣ ਪ੍ਰਾਪਤ ਕਰ, ਵਿਸਮਾਦ ਵਿੱਚ ਆ ਆਪ ਜੀ ਦੇ ਗੁਣਾਂ ਦਾ ਗਾਇਨ ਕੀਤਾ। ਦ੍ਰਿਸ਼ਟਾਂਤ ਵਜੋਂ ਸੁਲਤਾਨਪੁਰ ਦੇ ਭੱਟ ਭਿਖਾਂ ਨੇ ਆਪਣੇ ਅਨੁਭਵ ਨੂੰ ਇਸ ਤਰ੍ਹਾਂ ਅੰਕਿਤ ਕੀਤਾ:

ਰਹਿਓ ਸੰਤ ਹਉ ਟੋਲਿ
ਸਾਧ ਬਹੁਤੇਰੇ ਡਿਠੇ।।
ਸੰਨਿਆਸੀ ਤਪਸੀਅਹ ਮੁਖਹੁ ਏ
ਪੰਡਿਤ ਮਿਠੇ।।
ਬਰਸ ਏਕੁ ਹਉ ਫਿਰਿਓ
ਕਿਨੈ ਨਹੁ ਪਰਚਉ ਲਾਯਉ।।
ਕਹਤਿਅਹ ਕਹਤੀ ਸੁਣੀ ਰਹਤ
ਕੋ ਖੁਸੀ ਨ ਆਯਉ।।
ਹਰਿ ਨਾਮੁ ਛੋਡਿ ਦੂਜੈ ਲਗੇ
ਤਿਨ ਕੇ ਗੁਣ ਹਉ ਕਿਆ ਕਹਉ।।
ਗੁਰ ਦਯਿ ਮਿਲਾਯਉ ਭਿਖਿਆ
ਜਿਵ ਤੂ ਰਖਹਿ ਤਿਵ ਰਹਉ।। (ਪੰਨਾ ੧੩੯੫)

ਆਪ ਜੀ ਦੇ ਗੁਣ ਗਿਣਤੀ ਤੋਂ ਬਾਹਰ ਹਨ। ਇੱਕ ਹੋਰ ਭੱਟ ਦੇ ਵਿਚਾਰ ਪੜ੍ਹੋ :-

ਘਨਹਰ ਬੂੰਦ ਬਸੁਅ ਰੋਮਾਵਲਿ,
ਕੁਸਮ ਬਸੰਤ ਗਨੰਤ ਨ ਆਵੈ।।
ਰਵਿ ਸਸਿ ਕਿਰਣਿ ਉਦਰ ਸਾਗਰ ਕੋ,
ਗੰਗ ਤਰੰਗ ਅੰਤੁ ਕੋ ਪਾਵੈ।।
ਰੁਦ੍ਰ ਧਿਆਨ ਗਿਆਨ ਸਤਿਗੁਰ ਕੇ,
ਕਬਿ ਜਨ ਭਲ ਉਨਹ ਜੋੁ ਗਾਵੈ।।
ਭਲੇ ਅਮਰਦਾਸ ਗੁਣ ਤੇਰੇ,
ਤੇਰੀ ਉਪਮਾ ਤੋਹਿ ਬਨਿ ਆਵੈ।। (ਪੰਨਾ ੧੩੯੬)

OOOOO



www.AKJ.Org

# ਸਤਿਗੁਰ ਨਾਨਕ ਪਰਗਟਿਆ

(ਪ੍ਰਿੰ: ਗੁਰਮੁਖ ਸਿੰਘ)

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਭਾਰਤ ਵਿੱਚ ਦੋ ਹੀ ਪ੍ਰਮੁੱਖ ਧਰਮਾਂ ਦੇ ਲੋਕ ਵਸਦੇ ਸਨ, ਹਿੰਦੂ ਅਤੇ ਮੁਸਲਮਾਨ। ਹਿੰਦੂ ਧਰਮ ਭਾਰਤ ਦਾ ਪੁਰਾਤਨ ਧਰਮ ਹੈ ਅਤੇ ਇਸ ਦਾ ਪਸਾਰਾ ਸਰਬ-ਭਾਰਤੀ ਹੈ ਪਰ ਸਮੇਂ ਦੇ ਕਾਲ-ਚੱਕਰ ਨੇ ਹਿੰਦੂ ਕੌਮ ਨੂੰ ਮੁਸਲਮਾਨਾਂ ਦਾ ਗੁਲਾਮ ਬਣਾ ਦਿੱਤਾ। ਇਸਲਾਮ ਹਿੰਦੂ ਧਰਮ ਦੇ ਟਾਕਰੇ ਤੇ ਇੱਕ ਨਵਾਂ ਧਰਮ ਸੀ ਜੋ ਅਰਬ ਦੇਸ ਵਿੱਚ ਸੱਤਵੀਂ ਸ਼ਤਾਬਦੀ ਵਿੱਚ ਉੱਭਰਿਆ ਅਤੇ ਇਸ ਦੇ ਪੈਰੋਕਾਰਾਂ ਨੇ ਅੱਲਾਹ ਦੇ ਪ੍ਰਚਾਰ ਲਈ ਮੱਲਾਂ ਮਾਰੀਆਂ, ਕਈ ਮੁਲਕ ਜਿੱਤ ਕੇ ਰਾਜ ਵੀ ਕਾਇਮ ਕੀਤੇ ਅਤੇ ਲੋਕਾਂ ਨੂੰ ਧੱਕੇ ਨਾਲ ਮੁਸਲਮਾਨ ਬਣਾਇਆ।

ਕੁਦਰਤੀ ਹੈ, ਜੋ ਜੇਤੂ ਕੌਮ ਹੁੰਦੀ ਹੈ ਉਸ ਨੂੰ ਆਪਣਾ ਧਰਮ ਦੁਨੀਆਂ ਦੇ ਹੋਰ ਧਰਮਾਂ ਨਾਲੋਂ ਚੰਗਾ ਲੱਗਦਾ ਹੈ। ਇਹੋ ਇੱਕ ਵੱਡਾ ਕਾਰਣ ਰਿਹਾ ਹੈ ਇਸਲਾਮ ਅਤੇ ਹੋਰਨਾਂ ਧਰਮਾਂ ਵਿਚਕਾਰ ਜੰਗ ਦਾ। ਈਸਾਈਆਂ ਅਤੇ ਮੁਸਲਮਾਨਾਂ ਵਿਚਕਾਰ ਕਈ ਸੌ ਸਾਲ ਲੜਾਈ ਚਲਦੀ ਰਹੀ। ਭਾਰਤ ਵਿੱਚ ਭੀ ਮੁਸਲਿਮ ਧਰਮ ਦੇ ਆਗੂਆਂ ਨੇ ਆਪਣੀ ਧਾਰਮਿਕ ਹੈਂਕੜ ਅਤੇ ਕੱਟੜਪੁਣੇ ਕਾਰਨ ਭਾਰਤ ਵਾਸੀਆਂ ਦਾ ਧੱਕੇ ਨਾਲ ਧਰਮ-ਬਦਲੀ ਕਰਨ ਦਾ ਯਤਨ ਕੀਤਾ। ਅਨੇਕਾਂ ਨੂੰ ਜਬਰਦਸਤੀ ਮੁਸਲਮਾਨ ਬਣਾ ਕੇ ਅੱਲਾ-ਤਾਅਲਾ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦੀ ਰੁਚੀ ਜਾਰੀ ਰੱਖੀ।

ਹਿੰਦੂ ਧਰਮ ਨੇ ਭੀ ਆਪਣੇ ਉੱਤੇ ਹੋ ਰਹੇ ਮਾਰੂ ਹਮਲੇ ਤੋਂ ਬਚਣ ਲਈ ਕਰਮ-ਕਾਂਡ ਦੀ ਪਾਲਣਾ ਵਿੱਚ ਹੋਰ ਕਰੜਾਈ ਵਰਤ ਕੇ ਇਸੇ ਨੂੰ ਧਰਮ ਦਾ ਨਾਮ ਦਿੱਤਾ। ਵਰਤ ਰੱਖਣਾ, ਅਰਚਾ ਪੂਜਾ, ਤੀਰਥ ਇਸ਼ਨਾਨ ਕਰਨੇ, ਸ਼ਾਸ਼ਤਰ ਅਨੁਸਾਰ ਬ੍ਰਾਹਮਣ ਦੀ ਅਗਵਾਈ ਵਿੱਚ ਪੁੰਨ ਦਾਨ ਆਦਿ ਕਰਕੇ ਆਪਣੇ ਆਪ ਨੂੰ ਧਰਮੀ ਸਮਝਣਾ, ਇਹ ਅਵਸਥਾ ਸੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਆਗਮਨ ਤੋਂ ਪਹਿਲਾਂ ਅਤੇ ਲਗ-ਪਗ ਹੁਣ ਭੀ ਹਿੰਦੂ ਧਰਮ ਕਰਮ-ਕਾਂਡ ਦੇ ਸਹਾਰੇ ਹੀ ਖੜ੍ਹਾ ਹੈ।

ਉਸ ਸਮੇਂ ਦੋਨਾਂ ਧਰਮਾਂ ਵਿੱਚ ਕੋਈ ਅਜਿਹਾ ਧਾਰਮਕ ਅਤੇ ਰੂਹਾਨੀ ਵਿਅਕਤੀ ਨਹੀਂ ਸੀ ਜੋ ਦੋਹਾਂ ਕੌਮਾਂ ਨੂੰ ਸਹੀ ਸੇਧ ਦਿੰਦਾ। ਸਤਿਗੁਰੂ ਨਾਨਕ ਦੇਵ ਜੀ ਦਾ ਪਵਿੱਤਰ ਆਗਮਨ 1469 ਈ: ਵਿੱਚ ਹੋਇਆ ਅਤੇ ਆਪ ਨੇ 28-30 ਵਰ੍ਹਿਆਂ ਦੇ ਹੋ ਕੇ ਰੱਬੀ-ਸੰਦੇਸ਼ ਦੇਣ ਲਈ ਕਮਰਕੱਸਾ ਕੀਤਾ। ਆਪ ਨੇ ਚਾਰ ਉਦਾਸੀਆਂ (ਟੂਰ ਪ੍ਰੋਗਰਾਮ) ਵਿੱਚ ਲਗ-ਪਗ 26000 ਮੀਲ ਦਾ ਸਫ਼ਰ ਕੀਤਾ। ਆਪ ਦੇ ਧਰਮ ਪ੍ਰਚਾਰ ਦੀਆਂ ਕੁੱਝ ਵਿਸ਼ੇਸ਼ਤਾਈਆਂ ਇਹ ਸਨ :-

(ੳ) ਆਪ ਨੇ ਮੁੱਢ ਵਿੱਚ ਹੀ ਇਹ ਐਲਾਨ ਕਰ ਦਿੱਤਾ ਸੀ।

"ਨਾ ਹਮ ਹਿੰਦੂ ਨ ਮੁਸਲਮਾਨ।।" (ਅੰਕ ੧੧੩੬)

ਭਾਵ ਆਪ ਨੂੰ ਦੋਵੇਂ ਧਰਮਾਂ ਤੋਂ ਉੱਪਰ ਸਮਝਿਆ ਜਾਂਦਾ ਸੀ, ਇਸ ਲਈ ਦੋਵੇਂ ਧਿਰਾਂ ਆਪ ਦੀ ਗੱਲ ਬੜੇ ਧਿਆਨ ਨਾਲ ਸੁਣਦੀਆਂ ਸਨ।

(ਅ) ਆਪ ਦੁਹਾਂ ਧਰਮਾਂ ਦੇ ਧਰਮ-ਅਸਥਾਨਾਂ ਵਿੱਚ ਬਿਨਾਂ ਕਿਸੇ ਸੰਕੋਚ ਤੋਂ ਆ ਜਾ ਸਕਦੇ ਸਨ। ਪੰਡਿਤ ਅਤੇ ਮੌਲਵੀ ਦੋਵੇਂ ਆਪ ਦਾ ਸਤਿਕਾਰ ਕਰਦੇ ਸਨ ਕਿਉਂਕਿ ਆਪ ਦੇ ਬਚਨਾਂ ਵਿੱਚ ਉਹਨਾਂ ਨੂੰ ਕੋਈ ਨਵੀਂ ਸੇਧ ਮਿਲਦੀ ਸੀ।

(ੲ) ਆਪ ਦੋਵੇਂ ਧਰਮਾਂ ਦੇ ਵੱਡੇ ਆਗੂ ਅਖਵਾਉਣ ਵਾਲਿਆਂ ਨਾਲ ਰੂਹਾਨੀ ਵਿਚਾਰ ਵਟਾਂਦਰਾਂ ਕਰਦੇ ਹੁੰਦੇ ਸਨ। ਇਹ ਗੱਲ-ਬਾਤ ਉਨ੍ਹਾਂ ਦੇ ਚੇਲਿਆਂ ਅਤੇ ਸ਼ਰਧਾਲੂਆਂ ਦੀ ਹਾਜ਼ਰੀ ਵਿੱਚ ਕਰਦੇ ਹੁੰਦੇ ਸਨ ਤਾਂ ਕਿ ਉਹਨਾਂ ਨੂੰ ਅਸਲ ਸਚਾਈ ਦਾ ਉਹ ਗਿਆਨ ਭੀ ਹੋਵੇ ਜੋ ਉਨ੍ਹਾਂ ਦੇ ਵੱਡੇ ਵੱਡੇ ਧਾਰਮਿਕ ਆਗੂਆਂ ਨੂੰ ਗੁਰੂ ਜੀ ਨਾਲ ਗੱਲਬਾਤ ਰਾਹੀਂ ਹੋਣਾ ਸੀ।

ਆਪ ਦੀ ਸਖਸ਼ੀਅਤ ਇਤਨੀ ਮਨਮੋਹਣੀ ਹੁੰਦੀ ਸੀ ਅਤੇ ਬਚਨ ਇਤਨੇ ਮਿੱਠੇ ਹੁੰਦੇ ਸਨ ਕਿ ਸ੍ਰੋਤਿਆਂ ਉੱਤੇ ਇਸ ਦਾ ਬੜਾ ਡੂੰਘਾ ਪ੍ਰਭਾਵ ਪੈਂਦਾ। ਜੇਕਰ ਸੋਲ੍ਹਵੀਂ ਸ਼ਤਾਬਦੀ ਦੇ ਭਾਰਤ ਦੇ ਧਾਰਮਿਕ ਆਗੂਆਂ ਉੱਤੇ ਝਾਤ ਮਾਰੀ ਜਾਵੇ ਤਾਂ ਕੇਵਲ ਗੁਰੂ ਨਾਨਕ ਦੇਵ ਜੀ ਹੀ ਇੱਕ ਐਸੇ ਵਿਅਕਤੀ ਦਿਸਦੇ ਸਨ ਜੋ ਪੰਡਤਾਂ, ਸ਼ੇਖਾਂ, ਪੀਰਾਂ, ਸਿਧਾਂ, ਸੂਫੀਆਂ ਆਦਿ ਸਭ ਤੋਂ ਉੱਚੇ ਕੱਦ ਵਾਲੇ ਸਨ। ਧਰਮਾਂ ਦੇ ਕਈ ਪ੍ਰਕਾਰ ਦੇ ਟੈਬੂਜ਼, ਵਹਿਮਾਂ ਅਤੇ ਭਰਮਾਂ ਤੋਂ ਆਪ ਉਪਰ ਸਨ।

ਆਉ ਵਿਚਾਰਧਾਰਾ ਦੇ ਪੱਖ ਤੋਂ ਗੁਰੂਦੇਵ ਪਿਤਾ ਦੇ ਦਰਸ਼ਨ ਕਰੀਏ। ਇਹ ਕੋਈ ਨਵੀਂ ਗੱਲ ਨਹੀਂ ਕਿ ਪੱਛਮ-ਏਸ਼ੀਆਂ ਵਿਚੋਂ ਉਭਰੇ ਮੂਸਾਈ (ਯਹੂਦੀ) ਧਰਮ ਜਾਂ ਈਸਾਈ ਧਰਮ ਜਾਂ ਇਹਨਾਂ ਤੋਂ ਮਗਰੋਂ ਇਸਲਾਮ ਧਰਮ ਨੇ ਇਹ ਐਲਾਨ ਕੀਤਾ ਕਿ ਇਕੋ ਰੱਬ ਹੈ।

ਉੱਤਰੀ ਭਾਰਤ ਦੇ ਵੈਦਿਕ ਧਰਮ ਨੇ ਔਮ ਜਾਂ ਓਂ ਰੱਬ ਦੀ ਹਸਤੀ ਲਈ ਹੀ ਘੜਿਆ ਸੀ, ਪਰ



www.AKJ.Org

ਹੌਲੀ ਹੌਲੀ ਦੇਵੀ ਦੇਵਤਿਆਂ ਨੂੰ ਮਨੁੱਖ ਨੇ ਜਨਮ ਦਿੱਤਾ ਅਤੇ ਇਨ੍ਹਾਂ ਦੀ ਗਿਣਤੀ ਉਸ ਸਮੇਂ ਦੇ ਅਣਵੰਡੇ ਭਾਰਤ ਦੀ ਜਨ-ਸੰਖਿਆਂ ਨਾਲੋਂ ਭੀ ਕਿਤੇ ਵੱਧ ਜਾਪਦੀ ਹੈ। ਤੇਤੀ ਕਰੋੜ ਦੇਵੀ ਦੇਵਤੇ ਕੋਈ ਥੋੜ੍ਹੀ ਗਿਣਤੀ ਨਹੀਂ ਹੁੰਦੀ, ਇਤਨੇ ਤਾਂ ਮਨੁੱਖ ਵੀ ਉਸ ਸਮੇਂ ਦੇ ਭਾਰਤ ਵਿੱਚ ਨਹੀਂ ਸਨ।

ਸਤਿਗੁਰੂ ਜੀ ਜਾਣਦੇ ਸਨ ਕਿ ਵੇਦਾਂਤੀਆਂ ਕੋਲੋਂ ਵੱਡੀ ਭੁੱਲ ਹੀ ਇਹੋ ਹੋਈ ਹੈ ਕਿ ਉਹ ਹਰ ਵਿਅਕਤੀਗਤ ਜੀਵ-ਆਤਮਾ ਨੂੰ ਬ੍ਰਹਮ ਸਮਝਦੇ ਹਨ ਤਾਂ ਫਿਰ ਉਸ ਵਾਹਿਗੁਰੂ ਨਾਲ ਮਿਲਾਪ ਕਿਸਨੇ ਕਰਨਾ ਹੈ ? *"ਮੈਂ ਬ੍ਰਹਮ ਹਾਂ (ਸ਼ੰਕਰਾਚਾਰੀਆਂ ਦੇ ਬਚਨ) ਤੂੰ ਭੀ ਬ੍ਰਹਮ ਹੈਂ"* ਕਹਿਣ ਨਾਲ ਬ੍ਰਹਮ ਕੋਈ ਨਹੀਂ ਬਣਿਆ ਸਗੋਂ ਇਸ ਨਾਲ ਹਿੰਦੂ ਧਰਮ ਚਿੰਤਨ ਵਿੱਚ ਵਧੇਰੇ ਭੁਲੇਖੇ ਪਏ। ਸਤਿਗੁਰੂ ਨਾਨਕ ਦੇਵ ਜੀ ਨੇ ਓ ਤੋਂ ਪਹਿਲਾਂ ੧ ਦਾ ਹਿੰਦਸਾ ਲਗਾ ਦਿੱਤਾ ਅਤੇ ਔਮ ਨੂੰ ਨਵਾਂ ਰੂਪ ਦਿੱਤਾ *'ੴ'*' ਅਤੇ ਇਹ ਦਰਸਾਇਆ ਕਿ ਉਹ ਅਕਾਲ ਪੁਰਖ ਇੱਕ ਹੈ, ਉਹ ਨਿਰੰਕਾਰ ਹੈ, ਜੋਤਿ ਸਰੂਪ ਹੈ। ਆਪ ਨੇ ਆਪਣੇ ਸਿੱਖਾਂ ਨੂੰ ਤੇਤੀ ਕਰੋੜ ਦੇਵਤਿਆਂ ਦੀਆਂ ਮਿੰਨਤਾਂ ਕਰਨ ਤੋਂ ਵਰਜਿਆਂ ਅਤੇ ਆਪਣੇ ਸਿੱਖਾਂ ਨੂੰ ਕੇਵਲ ਇੱਕ ਅਕਾਲ ਪੁਰਖ ਦੇ ਲੜ ਲਾਇਆ। ਖਾਲਸਾ ਹੁਣ ਭੀ ਇੱਕ ਅਕਾਲ ਪੁਰਖ ਨਾਲ ਜੁੜਿਆ ਹੋਇਆ ਹੈ, ਭੁੱਲੜ ਅਜੇ ਭੀ ਦੇਵਤਿਆਂ ਦੀ ਪੂਜਾ ਕਰਦੇ ਹਨ।

ਪੱਛਮ-ਏਸ਼ੀਆਂ ਵਿੱਚ ਉੱਭਰੇ ਉਪਰੋਕਤ ਤਿੰਨੇ ਧਰਮਾਂ ਦੇ ਬਾਨੀਆਂ ਨੇ ਸਵਰਗ ਅਤੇ ਨਰਕ ਦੇ ਜੋ ਨਕਸ਼ੇ ਚਿਤਰੇ ਹਨ, ਭਾਰਤੀ ਹਿੰਦੂ ਨੇ ਭੀ ਲਗ-ਪਗ ਉਸੀ ਡਿਜ਼ਾਈਨ ਦੇ ਚਿਤਰ ਚਿਤਰੇ ਹਨ, ਫਰਕ ਕੇਵਲ ਗੁਣਾਤਮਕ (ਡਿਗਰੀ) ਹੋ ਸਕਦਾ ਹੈ। ਇਹਨਾਂ ਧਾਰਮਿਕ ਮੋਢੀਆਂ ਨੇ ਆਪਣੇ ਆਪਣੇ ਇਲਾਕਿਆਂ ਵਿੱਚ ਵਸਦੇ ਪੈਰੋਕਾਰਾਂ ਨੂੰ ਜਿੱਥੇ ਨਰਕਾਂ ਦੇ ਭੈ ਤੋਂ ਭੈਭੀਤ ਕਰਕੇ ਪਸ਼ੂ ਬਿਰਤੀ ਮਨੁੱਖ ਨੂੰ ਸਦਾਚਾਰ ਦੇ ਰਾਹ ਉੱਤੇ ਤੋਰਿਆ ਉਥੇ ਉਹਨਾਂ ਸਵਰਗਾਂ ਤੋਂ ਉੱਪਰ ਕੋਈ ਆਤਮਕ ਮੰਜ਼ਲ ਨਹੀਂ ਦੱਸੀ। ਸਵਰਗਾਂ ਦੇ ਸੁੱਖ-ਵਿਲਾਸ ਦੇ ਲਾਲਚ ਵਿੱਚ ਉਹ ਸਗੋਂ ਉਹਨਾਂ ਵਲੋਂ ਦੱਸੇ ਰਾਹ ਉੱਤੇ ਚੱਲਦੇ ਆਏ ਹਨ। ਕਿਆਮਤ ਦਾ ਦਿਨ ਇਕ ਐਸਾ ਦਿਨ ਮਿਥਿਆ ਗਿਆ ਜਦੋਂ ਕਬਰਾਂ ਵਿਚੋਂ ਸਣ-ਦੇਹ ਉੱਠ ਕੇ ਰੂਹਾਂ ਨੂੰ ਇਨਸਾਫ਼ ਮਿਲੇਗਾ, ਸਵਰਗ ਜਾਂ ਨਰਕ ਜਾਣ ਦਾ। ਉਹ ਦਿਨ ਕਦੋਂ ਆਉਣਾ ਹੈ ? ਇਸ ਬਾਰੇ ਕੋਈ ਪਤਾ ਨਹੀਂ ਪਰ ਬਾਬਾ ਨਾਨਕ ਜੀ ਨੇ ਇਹ ਐਲਾਨ ਕਰਕੇ ਸਾਰੀ ਅਨਿਸਿਚਤਾ (Uncertainty) ਨੂੰ ਖਤਮ ਕਰ ਦਿੱਤਾ ਕਿ ਹਿਸਾਬ ਕਿਤਾਬ ਤਾਂ ਨਾਲੋ ਨਾਲ ਹੋਈ ਜਾਂਦਾ ਹੈ।

**'ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ॥**
**ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ॥**

(ਵਾਰ ਆਸਾ ਮ: ੧, ਅੰਕ ੪੬੩)

**ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ॥**

(ਵਾਰ ਆਸਾ ਮ: ੧, ਅੰਕ ੪੬੪)

ਭਾਵ ਹਰ ਇਕ ਦਾ ਮਰਨ ਉਪਰੰਤ ਅੱਗੇ ਜਾ ਕੇ ਧਰਮ ਰਾਜ ਪਾਸ ਨਾਲ ਦੀ ਨਾਲ ਲੇਖਾ ਜੋਖਾ ਹੁੰਦਾ ਹੈ ਕਿਆਮਤ ਦੀ ਗੱਲ ਹੀ ਕੋਈ ਨਹੀਂ।

ਸਤਿਗੁਰੂ ਜੀ ਆਪਣੀ ਲੰਮੀ-ਨਦਰ (ਦੂਰ-ਦ੍ਰਿਸ਼ਟੀ) ਸਦਕਾ ਆਪਣੇ ਸਰੋਤਿਆਂ ਨੂੰ ਜੋ ਕੁੱਝ ਦਸਦੇ ਸਨ ਅੱਜ 500 ਸਾਲਾਂ ਬਾਅਦ ਮਾਡਰਨ ਸਾਇੰਸ ਭੀ ਉਹਨਾਂ ਦੁਆਰਾ ਦਰਸਾਏ ਗਏ ਤੱਥਾਂ ਨੂੰ ਝੁਠਲਾ ਨਹੀਂ ਸਕੀ। ਮੱਕਾ ਅਤੇ ਬਗ਼ਦਾਦ ਫੇਰੀ ਸਮੇਂ ਰੱਬ ਨੂੰ ਕੇਵਲ ਮੱਕੇ ਜਾਂ ਸਤਵੇਂ ਅਸਮਾਨ ਦਾ ਵਾਸੀ ਦੱਸਣਾ ਭਲਾ ਗੁਰੂ ਨਾਨਕ ਦੇਵ ਜੀ ਕਿਵੇਂ ਮੰਨ ਸਕਦੇ ਸਨ ? ਉਨ੍ਹਾਂ ਮੱਕੇ ਵੱਲ ਲੱਤਾਂ ਵੀ ਕੀਤੀਆਂ ਅਤੇ ਲੱਖ ਆਗਾਸਾ ਆਗਾਸ ਦਾ ਉਪਦੇਸ਼ ਵੀ ਦਿੱਤਾ। ਗੱਲ ਇਤਨੀ ਕੁ ਹੈ ਕਿ ਜਿਨ੍ਹਾਂ ਨੂੰ ਵਾਹਿਗੁਰੂ ਜ਼ੱਰੇ ਜ਼ੱਰੇ ਵਿੱਚ, ਰਵਿਆ ਦਿਸਦਾ ਹੋਵੇ ਉਹ ਉਸਨੂੰ ਮੱਕੇ ਜਾਂ ਸੱਤਵੇਂ ਆਕਾਸ਼ ਦਾ ਕੈਦੀ ਕਿਵੇਂ ਮੰਨ ਲਵੇ ?

ਵਲੀ ਕੰਧਾਰੀ (ਪੰਜਾ ਸਾਹਿਬ ਦੀ ਪਹਾੜੀ ਤੇ ਬੈਠਾ ਪੀਰ) ਬੜਾ ਵੱਡਾ ਤਪੀ ਸੀ। ਵਰ ਸਰਾਪ ਉਸਦੇ ਪੂਰੇ ਹੁੰਦੇ ਸਨ। ਇਵੇਂ ਹਮਜ਼ਾ ਗੌਂਸ ਸਿਆਲਕੋਟ ਦਾ ਤਪੱਸਵੀ ਪੀਰ ਸੀ। ਤੱਪ ਕਰਨ ਵਾਲਿਆਂ ਨੂੰ ਇਮਤਿਹਾਨ ਲੈਣ ਲਈ ਮਾਇਆ ਆ ਜਾਂਦੀ ਹੈ, ਚਾਹੇ ਕੋਈ ਰੱਬ ਦਾ ਨਾਮ ਲੈਂਦਾ ਹੋਵੇ ਪਰ ਜੇ ਉਸ ਅੰਦਰ ਸਿਮਰਨ ਕਰਨ ਦਾ ਹੀ ਅਹੰਕਾਰ ਆ ਜਾਏ ਤਾਂ ਮੰਦ ਭਾਗੀ ਗੱਲ ਹੈ, ਤੱਪ ਕਰਨ ਵਾਲੇ ਵਿੱਚ ਤਪਸ਼-(ਅੰਦਰਲਾ ਤਾਪਮਾਨ) ਵੱਧ ਜਾਂਦੀ ਹੈ। ਵਲੀ ਦਾ ਅਹੰਕਾਰ ਸਿਰੇ ਤੇ ਸੀ, ਆਪ ਨੇ ਉਸ ਨੂੰ ਸਮਝਾਇਆ।

*"ਤੂੰ ਮਰਦਾਨੇ ਨੂੰ ਕਾਫ਼ਰ ਦਾ ਚੇਲਾ ਜਾਣ ਕੇ ਪਾਣੀ ਨਾ ਦਿੱਤਾ ? ਇਹ ਤਾਂ ਰੱਬ ਦਾ ਰੂਪ ਸੀ।* ਵਲੀ ਚਰਨਾਂ ਤੇ ਡਿੱਗਾ ਭੁੱਲ ਬਖਸ਼ਾਈ। ਉਸ ਨੂੰ ਇੱਕ ਨਵੀਂ ਸੇਧ ਮਿਲ ਗਈ। ਇਵੇਂ ਪੀਰ ਹਮਜ਼ਾ ਗੌਂਸ ਚਲੀਹਾ


www.AKJ.Org

ਰੱਖ ਕੇ ਸਾਰਾ ਸਿਆਲਕੋਟ ਨਗਰ ਇਸ ਲਈ ਨਸ਼ਟ ਕਰਨ ਲੱਗਾ ਸੀ ਕਿ ਕਿਸੇ ਨੇ ਪੀਰ ਦੇ ਅਸ਼ੀਰਵਾਦ ਨਾਲ ਪੁੱਤਰ ਤਾਂ ਪ੍ਰਾਪਤ ਕਰ ਲਏ ਪਰ ਇਕ ਪੁੱਤਰ ਪੀਰ ਦੀ ਭੇਟਾ ਕਰਨ ਤੋਂ ਮੁਨਕਰ ਹੋ ਬੈਠਾ। *"ਕਰੇ ਇਕ ਤੇ ਸਜ਼ਾ ਸਾਰੇ ਨਗਰ ਨੂੰ ?"* ਸਤਿਗੁਰਾਂ ਨੇ ਪੀਰ ਦੇ ਚਲੀਹੇ ਦਾ ਤੱਪ ਤੋੜ ਕੇ ਪੁੱਛਿਆ। *"ਕੀ ਰੱਬ ਦੀ ਭਗਤੀ ਕਰਨ ਵਾਲਾ ਬੰਦਾ ਰੱਬ ਦੇ ਬਣਾਏ ਜੀਵਾਂ ਨੂੰ ਬਿਨਾਂ ਕਸੂਰ ਕੀਤੇ ਮਾਰ ਮੁਕਾਵੇ ?"* ਪੀਰ ਜੀ ਨੂੰ ਕੋਈ ਜਵਾਬ ਨਾ ਆਇਆ। ਪੀਰ ਨੂੰ ਪਤਾ ਸੀ ਕਿ ਨਾਨਕ ਪੀਰ ਰੱਬ ਦਾ ਪਿਆਰਾ ਫ਼ਕੀਰ ਹੈ, ਉਹ ਸਭ ਦੇ ਭਲੇ ਦੀ ਗੱਲ ਕਰਦਾ ਹੈ। ਚਰਨਾਂ ਤੇ ਡਿੱਗਾ। ਸਤਿਗੁਰਾਂ ਨੇ ਸੋਧ ਇਹ ਦਿੱਤੀ, ਸਾਰਿਆਂ ਵਿੱਚ ਰੱਬ ਦਾ ਦਰਸ਼ਨ ਕਰਿਆ ਕਰ। ਜੇ ਕੋਈ ਮਾਫ਼ੀ ਮੰਗੇ ਤਾਂ ਬਖਸ਼ ਦਿਆ ਕਰ। "ਜਹ ਖਿਮਾ ਤਹ ਆਪਿ"

ਇਵੇਂ ਹੀ ਸੱਜਣ ਠੱਗ ਦੇ ਵਿਸ਼ਰਾਮ ਘਰ ਭੀ ਮਰਦਾਨੇ ਨੂੰ ਨਾਲ ਲੈ ਕੇ ਇਕ ਰਾਤ ਕੱਟੀ। ਸੱਜਣ ਉਪਰੋਂ ਬੜਾ ਧਰਮੀ ਲੱਗਦਾ ਸੀ, ਸਾਰਾ ਦਿਨ ਮਾਲਾ ਫੇਰਦਾ, ਚਿੱਟੇ ਬਸਤਰ ਪਹਿਨ ਕੇ ਆਪਣੀ ਗੱਦੀ ਤੇ ਬੈਠਦਾ, ਆਏ ਗਏ ਨੂੰ ਬੜੇ ਪਿਆਰ ਨਾਲ ਮਿਲਦਾ। ਪਰਸ਼ਾਦਾ ਛਕਾਉਂਦਾ ਪਰ ਰਾਤ ਨੂੰ ਸੁੱਤੇ ਪਏ ਨੂੰ ਉਸਦੇ ਗੁੰਡੇ ਮਾਰ ਮੁਕਾਉਂਦੇ ਤੇ ਸਾਮਾਨ ਲੁੱਟ ਲੈਂਦੇ ਪਰ ਸਤਿਗੁਰੂ ਨਾਨਕ ਦੇਵ ਜੀ ਨੂੰ ਕੌਣ ਮਾਰ ਸਕਦੈ ? ਇੰਜ ਲੁੱਟਣ ਵਾਲੇ ਮਾਇਆ ਕਾਰਣ ਸੁੱਤੇ ਹੋਏ ਹਨ। ਆਪ ਨੇ ਸੱਜਣ ਨੂੰ ਸ਼ਬਦ ਧੁਨੀ ਨਾਲ ਉਸ ਮਾਇਆ ਦੀ ਨੀਂਦ ਤੋਂ ਜਗਾਇਆ। ਉਹ ਬੜਾ ਪਛਤਾਇਆ, ਆਪਣੇ ਕੀਤੇ ਕਰਮਾਂ ਤੇ। ਬਾਕੀ ਰਹਿੰਦੀ ਜ਼ਿੰਦਗੀ ਬੰਦਗੀ ਕਰਕੇ ਆਪਣੇ ਕੀਤੇ ਪਾਪ ਧੋਤੇ। ਅੱਜ ਵੀ ਧਰਮ ਦੇ ਪਹਿਰਾਵੇ ਵਿੱਚ ਅਨੇਕਾਂ ਸੱਜਣ ਮਾਇਆ ਦੀ ਨੀਂਦ ਸੁੱਤੇ ਪਏ ਹਨ।

ਪਹਿਲੀ ਉਦਾਸੀ ਸਮੇਂ ਸਤਿਗੁਰੂ ਹਰਿਦੁਆਰ ਪਹੁੰਚੇ ਤਾਂ ਸਵੇਰੇ ਸਵੇਰੇ ਇਸ਼ਨਾਨ ਘਾਟ ਉੱਤੇ ਲੋਕੀਂ ਨਹਾਉਣ ਤੋਂ ਮਗਰੋਂ ਸੂਰਜ ਵੱਲ ਮੂੰਹ ਕਰਕੇ ਪਾਣੀ ਦਿੰਦੇ ਦੇਖੇ। ਆਪ ਜਾਣਦੇ ਸਨ ਕਿ ਇਹ ਰੱਬ ਤੋਂ ਭੁੱਲੇ ਹੋਏ ਲੱਗਦੇ ਹਨ ਜੋ ਆਪਣੇ ਮਰ ਚੁੱਕੇ ਵਡੇਰਿਆਂ (ਪਿਤਰਾਂ) ਨੂੰ ਸ਼ਰਧਾ ਵਜੋਂ ਗੰਗਾ ਜਲ ਦੀ ਅੰਜੁਲੀ (ਬੁੱਕ ਭਰ ਪਾਣੀ) ਅਰਪਨ ਕਰ ਰਹੇ ਹਨ, ਭਾਵੇਂ ਉਹ ਵਡੇਰੇ ਚੌਰਾਸੀ ਲੱਖ ਜੂਨਾਂ ਵਿੱਚ ਪਤਾ ਨਹੀਂ ਕਿੱਥੇ ਭਟਕ ਰਹੇ ਹੋਣ। ਆਪ ਨੇ ਪੱਛਮ ਵੱਲ ਮੂੰਹ ਕਰਕੇ ਪਾਣੀ ਦੇਣਾ ਆਰੰਭ ਕੀਤਾ। ਲੋਕਾਂ ਨੇ ਆਪ ਨੂੰ ਭੁੱਲੜ ਆਖਿਆ। ਆਪ ਦੀ ਦਲੀਲ ਇਹ ਸੀ ਕਿ *"ਜੇਕਰ ਤੁਹਾਡੀ ਦਿੱਤੀ ਸ਼ਰਧਾਂਜਲੀ ਕ੍ਰੋੜਾਂ ਮੀਲ ਦੂਰ ਪਿਤਰਾਂ ਜਾਂ ਸੂਰਜ ਦੇਵਤੇ ਨੂੰ ਪੁੱਜ ਸਕਦੀ ਹੈ ਤਾਂ ਮੇਰਾ ਉਛਾਲਿਆ ਪਾਣੀ ਪੰਜਾਬ ਵਿੱਚ ਮੇਰੇ ਖੇਤਾਂ ਨੂੰ ਜ਼ਰੂਰ ਅੱਪੜ ਸਕਦੈ।"* ਫਿਰ ਬੈਠਾਅ ਕੇ ਉਪਦੇਸ਼ ਦਿੱਤਾ ਕਿ ਪਿਤਰਾਂ ਦੀ ਪੂਜਾ ਕਰਨੀ ਜਾਂ ਸੂਰਜ ਨੂੰ ਦੇਵਤਾ ਮੰਨ ਕੇ ਉਸ ਦੀ ਪੂਜਾ ਕਰਨੀ ਰੱਬ ਦੀ ਨਿਰਾਦਰੀ ਕਰਨ ਦੇ ਤੁੱਲ ਹੈ। ਰੱਬ ਨੇ ਹੀ ਸੂਰਜ ਅਤੇ ਪਿਤਰ ਬਣਾਏ ਹਨ। ਜਿਨ੍ਹਾਂ ਨੇ ਆਪ ਦੀ ਗੱਲ ਸੁਣੀ ਉਹ ਹੋਰਨਾਂ ਦੀ ਪੂਜਾ ਤੋਂ ਹੱਟ ਗਏ। ਪਰ ਅੱਜ ਭੀ ਅਨੇਕਾਂ ਅਣਜਾਣ ਲੋਗ ਪੂਰਬ ਵੱਲ ਨੂੰ ਘਰ ਬੈਠਿਆਂ ਸਵੇਰੇ ਨਹਾ ਕੇ ਪਾਣੀ ਚੜ੍ਹਾਉਂਦੇ ਹਨ, ਬਿਨਾਂ ਸੋਚੇ ਸਮਝੇ। ਪਿਤਰਾਂ ਲਈ ਸਰਾਧ ਤਾਂ ਆਮ ਹੀ ਹੁੰਦੇ ਹਨ ਇਹਨਾਂ ਦਿਨਾਂ ਵਿੱਚ, ਪੰਡਤ ਜਨਾਂ ਨੂੰ ਮੋਇਆਂ ਦੇ ਨਮਿਤ ਵਧੀਆ ਭੋਜਨ ਅਤੇ ਹੋਰ ਦਖਸ਼ਣਾ ਆਦਿ ਲੈਣ ਤੋਂ ਵੇਹਲ ਨਹੀਂ ਹੁੰਦੀ ਇਸ ਲਈ ਉਹ ਸਰਾਧਾਂ ਵਾਲੇ 15 ਦਿਨਾਂ ਨੂੰ ਮੋਇਆਂ ਦੀ ਪੂਜਾ ਦੇ ਦਿਨ ਕਹਿ ਕੇ ਹਿੰਦੂ ਪਰਿਵਾਰਾਂ ਵਿੱਚ ਸ਼ਾਦੀ ਨਹੀਂ ਹੋਣ ਦਿੰਦੇ। ਇਹਨਾਂ ਨੇ ਗੁਰੂ ਨਾਨਕ ਦੇਵ ਦੇ ਸਿੱਖਾਂ ਨੂੰ ਭੀ ਇਸ ਭਰਮ ਵਿੱਚ ਪਾ ਦਿੱਤਾ ਹੋਇਆ ਹੈ। ਉਹ ਭੀ ਸਰਾਧ ਕਰਨ ਲੱਗ ਪਏ ਹਨ, ਆਮ ਸਰਾਧਾਂ ਦੇ 15 ਦਿਨਾਂ ਵਿੱਚ ਕੋਈ ਸ਼ਾਦੀ ਨਹੀਂ ਰਚਾਉਂਦਾ, ਅਖੇ ਪਿਤਰ ਨਰਾਜ਼ ਹੋ ਜਾਣਗੇ। ਜੇ ਉਹ ਗੁਰਬਾਣੀ ਧਿਆਨ ਨਾਲ ਪੜ੍ਹਨ ਤਾਂ ਉਹਨਾਂ ਨੂੰ ਮਤਿ ਆਵੇਗੀ ਕਿ "ਆਗੈ ਚਲਣੁ ਅਉਰੁ ਹੈ ਭਾਈ" (ਅੰਕ ੨੧੯) ਪਿਤਰ ਨਰਾਜ਼ ਨਹੀਂ ਹੁੰਦੇ, ਬ੍ਰਾਹਮਣ ਨੂੰ ਹਲਵਾ ਮੰਡੇ ਖਾਣ ਤੋਂ ਵੇਹਲ ਨਹੀਂ ਹੁੰਦੀ।

ਰੱਬ ਦੀ ਦਰਗਾਹ ਦੀ ਗੱਲ ਓਹੀ ਕਰ ਸਕਦਾ ਹੈ ਜਿਸ ਨੂੰ ਦਰਗਾਹੀ ਨਿਜ਼ਾਮ ਦੀ ਵਾਕਫ਼ੀਅਤ ਹੋਵੇ। ਸਤਿਗੁਰੂ ਨਾਨਕ ਦੇਵ ਜੀ ਦੀ ਸੰਸਾਰ ਭਰ ਦੇ ਧਰਮ ਚਿੰਤਕਾਂ ਦੇ ਖੇਤਰ ਵਿੱਚ ਸਭ ਤੋਂ ਵੱਡੀ ਦੇਣ ਹੀ ਇਹੋ ਹੈ ਕਿ ਆਪ ਨੂੰ ਦਰਗਾਹੀ ਕਦਰਾਂ ਕੀਮਤਾਂ ਦੀ ਪੂਰੀ ਜਾਣਕਾਰੀ ਸੀ ਅਤੇ ਆਪਨੇ ਉਹਨਾਂ ਨੂੰ ਹੀ ਪਰਚਾਰਿਆ ਅਤੇ ਸਾਰੇ ਧਰਮਾਂ ਦੇ ਆਗੂਆਂ ਨੂੰ ਆਪਣੇ ਆਪਣੇ ਧਰਮ ਦੀਆਂ ਕਦਰਾਂ ਕੀਮਤਾਂ ਨੂੰ ਦਰਗਾਹੀ ਕਦਰਾਂ ਕੀਮਤਾਂ ਅਨੁਸਾਰ ਕਰ ਲੈਣ ਦੀ ਪ੍ਰੇਰਣਾ ਦਿੱਤੀ। ਸਤਿਗੁਰੂ ਸਾਹਿਬਾਨ ਦਾ ਸਿੱਧਾ ਅਤੇ ਨੇੜੇ ਦਾ ਸੰਪਰਕ ਭਾਰਤ ਦੇ ਇਹਨਾਂ ਦੋ ਪਰਮੁੱਖ



www.AKJ.Org

ਧਰਮ ਦੇ ਆਗੂਆਂ ਨਾਲ ਹੋਣਾ ਸੁਭਾਵਕ ਹੀ ਸੀ, ਇਸ ਲਈ ਹਿੰਦੂ ਅਤੇ ਇਸਲਾਮ ਇਹਨਾਂ ਦੋਵੇਂ ਧਰਮਾਂ ਦੇ ਆਮ ਲੋਕ ਅਤੇ ਵਿਦਵਾਨ ਆਪ ਦੇ ਵਿਚਾਰ ਸੁਣਨ ਲਈ ਆਉਂਦੇ ਅਤੇ ਸੰਤੁਸ਼ਟ ਹੋ ਕੇ ਜਾਂਦੇ।

ਸਤਿਗੁਰੂ ਨਾਨਕ ਸਾਹਿਬ ਦੇ ਸਮੁੱਚੇ ਜੀਵਨ ਉਤੇ ਜਦੋਂ ਝਾਤ ਮਾਰੀਦੀ ਹੈ, ਵਿਸਮਾਦ ਵਿੱਚ ਚਲੇ ਜਾਈਦਾ ਹੈ। ਭੱਟਾਂ ਨੂੰ ਸਤਿਗੁਰੂ ਜੀ ਦੀ ਵਡਿਆਈ ਦਾ ਜਦੋਂ ਅਨੁਭਵ ਹੋਇਆ, ਉਹ ਪੁਕਾਰ ਉੱਠੇ-

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ।।

(ਅੰਕ ੧੪੦੮)

ਸੱਚ ਮੁੱਚ ਆਪ ਨਿਰੰਕਾਰ ਦੇ ਉਹ ਗੁਰੂ-ਜੋਤਿ-ਸਰੂਪ ਸਨ ਜਿਨ੍ਹਾਂ ਮਨੁੱਖ ਮਾਤਰ ਨੂੰ ਫੋਕਟ ਕਰਮ-ਕਾਂਡ ਦੇ ਚੱਕਰ ਵਿੱਚੋਂ ਕੱਢਣ ਲਈ ਚਾਰ ਉਦਾਸੀਆਂ ਕੀਤੀਆਂ। ਮੈਦਾਨਾਂ, ਪਰਬਤਾਂ, ਅਰਬ ਦੇਸ ਦੇ ਰੇਗਿਸਤਾਨ ਅਤੇ ਦੱਖਣੀ ਭਾਰਤ ਦੇ ਲੰਕਾ ਤੱਕ ਆਪ ਹਰ ਪ੍ਰਕਾਰ ਦੇ ਲੋਕਾਂ ਨੂੰ ਮਿਲੇ। ਸਭ ਨੂੰ ਸਤਿਨਾਮ ਦਾ ਉਪਦੇਸ਼ ਦਿੱਤਾ। ਸਵਰਗਾਂ ਤੋਂ ਉੱਪਰ ਭੀ ਕੋਈ ਮੰਜ਼ਲ ਹੈ ਜਿਸਨੂੰ ਆਪ ਨਿਰੰਕਾਰ ਦਾ ਦੇਸ ਕਹਿੰਦੇ ਸਨ, ਬਾਰੇ ਚਾਨਣ ਪਾਇਆ। ਇਸ ਦੁਨੀਆਂ ਵਿੱਚ ਹਰ ਮਨੁੱਖ ਸਦਾਚਾਰਕ ਕੀਮਤਾਂ ਧਾਰਨ ਕਰੇ, ਪਰ ਸੱਚੇ ਨਾਮ ਨਾਲ ਸਦਾ ਜੁੜਿਆ ਰਹੇ। ਮਨੁੱਖ ਲਈ ਆਪ ਨੇ ਜੋ ਜੀਵਨ ਮਨੋਰਥ ਜਾਂ ਨਿਸ਼ਾਨਾ ਰੱਖਿਆ, ਉਹ ਹੈ ਪ੍ਰਭੂ ਨਾਲ ਮਿਲਾ ਕਰਨਾ। *'ਪ੍ਰਭੂ ਹੈ'* ਤੋਂ ਉਪਦੇਸ਼ ਆਰੰਭ ਕਰਕੇ ਪ੍ਰਭੂ ਵਿੱਚ ਲੀਨ ਹੋਣ ਦੀ ਗੱਲ ਗੁਰੂ ਨਾਨਕ ਸਾਹਿਬ ਦੇ ਹਿੱਸੇ ਵਿੱਚ ਆਈ। ਉਸ ਦੀ ਪ੍ਰਾਪਤੀ ਲਈ ਮਨੁੱਖ ਨੂੰ ਉਸ ਦੇ ਹੁਕਮ ਵਿੱਚ ਰਹਿਣ ਅਤੇ ਉਸਦੇ ਨਾਮ ਦਾ ਸਿਮਰਨ ਕਰਨ ਦੀ ਜਿਤਨੀ ਵਾਰ ਵਾਰ ਤਾਕੀਦ ਗੁਰੂ ਨਾਨਕ ਸਾਹਿਬ ਨੇ ਕੀਤੀ ਹੈ ਇਤਨੀ ਕਿਸੇ ਹੋਰ ਧਰਮ ਦੇ ਬਾਨੀ ਨੇ ਨਹੀਂ ਕੀਤੀ।

00000

## "ਸਭ ਦੁੱਖ ਸੰਤਾਪ ਭੁੱਲ ਜਾਂਦੇ ਨੇ"

(ਸੁਰਜੀਤ ਸਿੰਘ 'ਸਾਜਨ')

ਸੰਦਲ ਦੀ ਮਹਿਕ ਆਉਂਦੀ ਸੀ, ਜਿਸ ਦੇਹੀ ਚੋਂ,
ਉਹ, ਮਿੱਟੀ 'ਚ ਮਿੱਟੀ ਹੋ ਕੇ, ਗੁਆਚ ਗਈ।
ਬੰਦੇ ਦੀ ਹੈਂਕੜ ਤੇ ਮਾਨ ਪ੍ਰਤਿਸ਼ਠਾ ਵੀ ਬਾਕੀ
ਨਹੀਂ ਰਹੀ, ਪਤਰਾ ਵਾਚ ਗਈ।
ਗਰਭ ਅਗਨੀ 'ਚੋਂ ਆਉਣ ਸਮੇਂ, ਜੋ ਵਾਅਦਾ
ਕਰ ਕੇ ਆਇਆ ਸੀ, ਭੁੱਲ ਗਿਆ।
ਫੱਸ ਗਿਆ ਉਸ ਮਾਇਆ ਦੇ ਜਾਲ ਵਿੱਚ
ਜਿਸ ਮਾਇਆ ਨੇ, ਨਚਾਏ ਨਾਚ ਕਈ।
ਮੇਰੇ ਜਿਹਾ ਇਸ ਜੱਗ ਤੇ ਹੋਰ ਕੋਈ ਨਹੀਂ,
ਇਹ ਸੋਚ ਕੇ, ਹੰਕਾਰ ਜਾਂਦਾ ਹੈ ਬੰਦਾ।
ਇੱਕ ਵੱਖਰੀ ਕੁਦਰਤ ਵਿਰੋਧੀ ਰਹੁਰੀਤ ਵਿੱਚ
ਚਲ ਕੇ, ਪਾਪ ਕਮਾਂਦਾ ਹੈ ਬੰਦਾ।
ਭੁੱਲ ਜਾਂਦਾ ਹੈ ਉਸਦੀ ਬੇਜ਼ੁਬਾਨ, ਲਾਠੀ ਦਾ ਜ਼ੋਰ
ਬੰਦੇ ਨੂੰ ਬਹੁਤ, ਸਤਾਂਦਾ ਹੈ ਬੰਦਾ।
ਮੋਹ ਦੀਆਂ ਤੰਦਾਂ ਵਿੱਚ, ਖੁਦ ਨੂੰ ਜਕੜ ਕੇ,
ਨਾਂ ਟੁੱਟਣ ਵਾਲੀ, ਤਾਣੀ 'ਚ ਉਲਝ ਜਾਂਦਾ ਹੈ ਬੰਦਾ।
ਇਹ ਜ਼ਰ, ਜ਼ਮੀਨ ਕਿਸੇ ਦੀ ਮਲਕੀਅਤ ਨਹੀਂ,
ਇਹ ਅਸਲੀਅਤ ਜਾਣਦਾ ਹੈ ਬੰਦਾ।
ਫਿਰ ਵੀ ਇਨ੍ਹਾਂ 'ਚ ਖੱਚਤ ਹੋ ਕੇ, ਹਰ ਤਰ੍ਹਾਂ ਦੇ,
ਸੁੱਖ ਮਾਣਦਾ ਹੈ ਬੰਦਾ।
ਉਸਦੇ, ਬਣਾਏ ਚਿਤ੍ਰਾਂ ਤੇ, ਮੋਹਿਤ ਹੋ ਕੇ,
ਭੁੱਲ ਜਾਂਦਾ ਹੈ, ਉਸਨੂੰ ਨਹੀਂ ਪਛਾਣਦਾ, ਹੈ ਬੰਦਾ।
ਮੌਤ, ਅਟੱਲ ਸਚਾਈ ਹੈ, ਇਹ ਜੀਵਨ ਝੂਠ ਹੈ,
ਧੁਰਅੰਦਰ, ਇਹ ਗੱਲ, ਨਹੀਂ ਠਾਣਦਾ ਹੈ ਬੰਦਾ।
ਨਾਮ ਸਿਮਰਨ ਲਈ, ਚੌਵੀਂ ਘੰਟੇ ਚੋਂ, ਢਾਈ ਘੰਟੇ,
ਦਾ ਦਸਵੰਧ ਕੱਢਣਾ ਜ਼ਰੂਰੀ ਹੈ।
ਪਰ, ਇਸ ਕੋਲ ਵਿਹਲ ਨਹੀਂ ਹੈ, ਧੰਧਿਆਂ 'ਚ
ਫਸਿਆ ਹੈ, ਇਸ ਦੀ ਮਜ਼ਬੂਰੀ ਹੈ।
ਇਸਨੂੰ, ਸਹਿਜ ਵਿੱਚ ਟਿਕਣ ਨਹੀਂ ਦਿੰਦਾ,
ਭਰਮਾਉਂਦਾ, ਭਟਕਾਉਂਦਾ ਹੈ ਇਸਦਾ ਮਨ, ਫਤੂਰੀ ਹੈ।
ਇਸਨੇ, ਦੌਲਤ ਦੇ ਢੇਰ ਨਾਲ, ਖੁਦ ਨੂੰ, ਪੂਰਾ ਕੀਤਾ ਹੈ,
ਪਰ, ਇਸਦੀ ਜ਼ਿੰਦਗੀ ਅਧੂਰੀ ਹੈ।
ਸਾਧ ਸੰਗਤ ਵਿੱਚ, ਜਾਂਦਾ ਰਹੇ ਜੇ ਬੰਦਾ,
ਤਾਂ, ਉਸਦੇ ਸਭ ਪਾਪ, ਧੁਲ ਜਾਂਦੇ ਨੇ।
ਰਿੱਧੀਆਂ ਸਿੱਧੀਆਂ ਦੀ ਤਲਬ ਨਹੀਂ ਰਹਿੰਦੀ,
ਸਭ ਝੂਠੇ, ਵਰ ਤੇ ਸਰਾਪ, ਭੁੱਲ ਜਾਂਦੇ ਨੇ,
ਸੁੱਖ, ਸਹਿਜ, ਸਹਿਨਸ਼ੀਲਤਾ ਤੇ ਰਜ਼ਾ ਵਿੱਚ ਰਹਿਣ,
ਦੀ ਜਾਂਚ, ਸਿੱਖ ਲੈਂਦਾ ਹੈ, ਜੀਉਣਾ।
*"ਸਾਜਨ"!* ਨਾਮ ਜਪਿਆ, ਚਿੰਤਾ, ਫ਼ਿਕਰ, ਝੋਰੇ,
ਸਭ ਦੁੱਖ ਸੰਤਾਪ ਭੁੱਲ ਜਾਂਦੇ ਨੇ।



www.AKJ.Org

# ਗੁਰੂ ਤੇਗ ਬਹਾਦਰ ਜੀ ਦੀ ਲਾਮਿਸਾਲ ਸ਼ਹੀਦੀ

(ਮਹਿੰਦਰ ਸਿੰਘ, ਚਚਰਾੜੀ, ਲੁਧਿਆਣਾ)

ਤਿਲਕ ਜੰਞੂ ਰਾਖਾ ਪ੍ਰਭ ਤਾਕਾ।
ਕੀਨੋ ਬਡੋ ਕਲੂ ਮਹਿ ਸਾਕਾ।
ਸਾਧਨਿ ਹੇਤਿ ਇਤੀ ਜਿਨਿ ਕਰੀ।
ਸੀਸੁ ਦੀਆ ਪਰ ਸੀ ਨ ਉਚਰੀ।੧੩।
ਧਰਮ ਹੇਤ ਸਾਕਾ ਜਿਨਿ ਕੀਆ।
ਸੀਸੁ ਦੀਆ ਪਰ ਸਿਰਰੁ ਨ ਦੀਆ।
ਨਾਟਕ ਚੇਟਕ ਕੀਏ ਕੁਕਾਜਾ।
ਪ੍ਰਭ ਲੋਗਨ ਕਹ ਆਵਤ ਲਾਜਾ।੧੪।

(ਬਚਿੱਤ੍ਰ ਨਾਟਕ)

ਉਕਤ ਸਤਰਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੀ ਮਹਾਨਤਾ ਬਿਆਨਦੀਆਂ ਹਨ ਕਿ ਗੁਰੂ ਤੇਗ ਬਹਾਦਰ ਜੀ ਵਰਗੀ ਸ਼ਹੀਦੀ ਸੰਸਾਰ ਦੇ ਇਤਿਹਾਸ ਵਿੱਚ ਹੋਰ ਕਦੇ ਨਹੀਂ ਹੋਈ। ਤਿਲਕ ਤੇ ਜੰਞੂ ਦੀ ਖ਼ਾਤਰ, ਇੱਕ ਢਾਲ ਬਣ ਕੇ ਗੁਰੂ ਜੀ ਨੇ ਆਪਣੀ ਕੁਰਬਾਨੀ ਦਿੱਤੀ।

ਗੁਰੂ ਤੇਗ ਬਹਾਦਰ ਜੀ ਇਕੋ ਇਕ ਸਖਸ਼ੀਅਤ ਸਨ ਜੋ ਧਰਮ ਦੀ ਰੱਖਿਆ ਖ਼ਾਤਰ ਵੱਧ ਤੋਂ ਵੱਧ ਯੋਗਤਾ ਦੇ ਮਾਲਕ ਸਨ। ਉਹਨਾਂ ਦੀ ਇਸ ਸਖਸ਼ੀਅਤ ਦਾ ਵਰਨਣ ਇਸ ਤੁਕ ਰਾਹੀਂ ਹੋ ਸਕਦਾ ਹੈ, ਜੋ ਉਹਨਾਂ ਦੀ ਆਪਣੀ ਹੀ ਰਚਨਾ ਹੈ-

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ।।

(ਪੰਨਾ ੬੩੩)

ਇਸ ਬ੍ਰਹਮ ਅਵਸਥਾ ਦੇ ਧਾਰਨੀ ਗੁਰੂ ਤੇਗ ਬਹਾਦਰ ਜੀ ਨੇ ਅਡੋਲ ਆਤਮਕ ਅਵਸਥਾ ਦਾ ਅਮਲੀ ਚਮਤਕਾਰ ਸ਼ਹੀਦੀ ਸਮੇਂ ਪ੍ਰਗਟ ਕਰ ਵਿਖਾਇਆ। ਪ੍ਰਮਾਤਮਾ ਦੇ ਅਟੱਲ ਹੁਕਮ ਸਾਹਮਣੇ ਉਹ ਠੰਡੇ, ਸ਼ਾਂਤ ਚਿੱਤ ਤੇ ਅਡੋਲ ਰਹੇ। ਭਾਣਾ ਮੰਨਣ ਦੀ ਐਸੀ ਖੇਡ ਵਰਤਾਈ ਕਿ ਸੰਸਾਰ ਲਈ ਅਦੁੱਤੀ ਹੋ ਨਿੱਬੜੀ।

ਗੁਰੂ ਨਾਨਕ ਦੇਵ ਜੀ ਤੋਂ ਬਾਅਦ ਲੰਮੇ ਸਫ਼ਰ ਦਾ ਤਜ਼ਰਬਾ ਕਰਨ ਵਾਲੇ ਗੁਰੂ ਤੇਗ ਬਹਾਦਰ ਜੀ ਹੀ ਸਨ। ਤਿਆਗ ਦੀ ਮੂਰਤ, ਤੇਗ ਦੇ ਧਨੀ, ਸ਼ਾਂਤ ਚਿੱਤ, ਅਡੋਲ ਆਤਮਕ ਮੰਡਲਾਂ ਦੇ ਅਨੰਦ ਭੋਗਣਹਾਰ, ਦਇਆ, ਖਿਮਾ, ਗਰੀਬੀ ਵਰਗੇ ਦੈਵੀ ਗੁਣਾਂ ਨਾਲ ਭਰਪੂਰ ਗੁਰੂ ਜੀ ਨੇ ਸਾਰੀ ਉਮਰ ਸਿੱਖੀ ਪ੍ਰਚਾਰ ਹਿੱਤ ਅਤੇ ਅੰਤ ਸ਼ਹੀਦੀ ਹਿੰਦੂ ਧਰਮ ਦੀ ਖ਼ਾਤਰ ਦਿੱਤੀ। ਇਸੇ ਲਈ *"ਗੁਰੂ ਤੇਗ ਬਹਾਦਰ, ਹਿੰਦ ਦੀ ਚਾਦਰ"* ਦਾ ਅਖਾਣ ਮਕਬੂਲ ਹੈ।

ਸੰਨ 1669 ਈ: 'ਚ ਔਰੰਗਜ਼ੇਬ ਨੇ ਆਪਣੀ ਕੱਟੜ ਸ਼ਰਈ ਨੀਤੀ ਮੁਤਾਬਿਕ ਇਹ ਹੁਕਮ ਜਾਰੀ ਕੀਤੇ ਹੋਏ ਸਨ ਕਿ ਹਿੰਦੂਆਂ ਦੇ ਮੰਦਰ, ਧਰਮਸ਼ਾਲਾ ਤੇ ਪਾਠਸ਼ਾਲਾਵਾਂ ਢਾਹ ਦਿੱਤੀਆਂ ਜਾਣ। ਹਿੰਦੂਆਂ ਉੱਪਰ ਕਰੜੇ ਟੈਕਸ ਲਾਗੂ ਕੀਤੇ ਗਏ ਸਨ। ਔਰੰਗਜ਼ੇਬੀ ਜ਼ੁਲਮਾਂ ਨੇ ਹਿੰਦੂਆਂ ਨੂੰ ਗੁਲਾਮ ਜੀਵਨ ਦਾ ਪੂਰੀ ਤਰ੍ਹਾਂ ਅਹਿਸਾਸ ਕਰਵਾ ਰੱਖਿਆ ਸੀ। ਸਰਕਾਰੀ ਨੌਕਰੀ, ਘੋੜਸਵਾਰੀ, ਕੀਮਤੀ ਵਸਤਰ ਪਹਿਨਣ, ਚੰਗੀ ਔਰਤ, ਚੰਗੇ ਖਾਣੇ ਅਤੇ ਚੰਗੇ ਮਕਾਨ ਬਨਾਉਣ ਉਪਰ ਪੂਰਨ ਪਾਬੰਦੀ ਲਾਗੂ ਸੀ। ਕਸ਼ਮੀਰੀ ਪੰਡਤਾਂ ਦੀ ਵਿਦਿਅਕ ਯੋਗਤਾ ਪਰਖਦਿਆਂ ਉਸਨੇ ਪਹਿਲਾਂ ਕਸ਼ਮੀਰੀ ਪੰਡਤਾਂ ਨੂੰ ਹਿੰਦੂਆਂ ਤੋਂ ਮੁਸਲਮਾਨੀ ਮੱਤ ਦਾ ਧਾਰਨੀ ਬਨਾਉਣ ਦਾ ਫੈਸਲਾ ਕਰ ਲਿਆ। ਕਸ਼ਮੀਰੀ ਪੰਡਤਾਂ ਉੱਪਰ ਕਹਿਰ ਢਾਹੁਣਾ ਆਰੰਭ ਦਿੱਤਾ ਅਤੇ ਕਸ਼ਮੀਰੀ ਸਭਿਆਚਾਰ ਦਾ ਗਲਾ ਘੁੱਟਣ ਲਈ ਅੱਡੀ ਚੋਟੀ ਦਾ ਤਾਣ ਲਾਇਆ। ਉਸ ਵਕਤ ਕਸ਼ਮੀਰ ਵਿੱਚ ਹਿੰਦੂ ਸਭਿਆਚਾਰ ਭਾਰੂ ਸੀ। ਕਿਹਾ ਜਾਂਦਾ ਹੈ ਕਿ ਹਰ ਰੋਜ਼ ਤਕਰੀਬਨ ਸਵਾ ਮਣ ਜੰਞੂ ਲਾਹ ਕੇ ਔਰੰਗਜ਼ੇਬ ਰੋਟੀ ਖਾਂਦਾ ਹੁੰਦਾ ਸੀ। ਇਸ ਖਤਰਨਾਕ ਹੱਦ ਤੱਕ ਗਿਰ ਚੁੱਕੇ ਹਾਲਾਤ ਨੇ ਕਸ਼ਮੀਰੀ ਪੰਡਤਾਂ ਨੂੰ ਦੇਵੀ-ਦੇਵਤਿਆਂ ਪਾਸ *'ਸਪੈਸ਼ਲ ਬੇਨਤੀਆਂ'* ਕਰਨ ਤੇ ਮਜ਼ਬੂਰ ਕਰ ਦਿੱਤਾ। ਖੁਫ਼ੀਆਂ ਰਿਪੋਰਟਾਂ ਰਾਹੀਂ ਪੰਡਤਾਂ ਦੀਆਂ *'ਸਪੈਸ਼ਲ ਬੇਨਤੀਆਂ'* ਦੀ ਸੂਚਨਾ ਔਰੰਗਜ਼ੇਬ ਦੇ ਕੰਨਾਂ ਤੱਕ ਪਹੁੰਚ ਗਈ। ਉਸਨੇ ਮੰਦਰ, ਸ਼ਿਵਾਲੇ, ਧਰਮਸ਼ਾਲੇ ਆਦਿਕ ਵੱਡੀ ਪੱਧਰ ਉੱਪਰ ਢਾਹੁਣ ਦਾ ਹੁਕਮ ਦੇ ਦਿੱਤਾ। ਹੁਕਮਾਂ ਦੀ ਤਾਮੀਲ ਹੋਣ ਨਾਲ ਖੌਫ਼ਜ਼ਦਾ ਹੋਏ ਕਸ਼ਮੀਰੀ ਪੰਡਤ, ਦੇਵੀ ਦੇਵਤਿਆਂ ਤੋਂ ਗੁਰੂ ਤੇਗ ਬਹਾਦਰ ਜੀ ਦੇ ਧਰਮ ਰੱਖਿਅਕ ਹੋਣ ਦੀ ਖ਼ਬਰ ਲੈ ਕੇ, ਅਨੰਦਪੁਰ ਸਾਹਿਬ ਪੰਡਤ ਕਿਰਪਾ ਰਾਮ ਦੀ ਅਗਵਾਈ 'ਚ ਆ ਪਹੁੰਚੇ।

ਕਸ਼ੀਮੀਰੀ ਪੰਡਤਾਂ ਨੇ ਆਪਣੀ ਦੁੱਖਾਂ ਭਰੀ ਕਹਾਣੀ ਰੋਂਦੇ-ਕੁਰਲਾਂਦੇ ਗੁਰੂ ਤੇਗ ਬਹਾਦਰ ਜੀ ਨੂੰ ਸੁਣਾਈ ਅਤੇ ਰੱਖਿਆ ਕਰਨ ਦੀ ਬੇਨਤੀ ਕੀਤੀ।



www.AKJ.Org

ਬਾਲਕ ਗੋਬਿੰਦ ਰਾਏ (ਗੁਰੂ ਗੋਬਿੰਦ ਸਿੰਘ ਜੀ) ਦੀ ਦ੍ਰਿੜ੍ਹਤਾਪੂਰਨ ਪ੍ਰੇਰਣਾ ਨਾਲ ਗੁਰੂ ਤੇਗ ਬਹਾਦਰ ਜੀ ਨੇ ਪੰਡਤਾਂ ਨੂੰ ਇਹ ਕਹਿ ਕੇ ਤੋਰ ਦਿੱਤਾ, *"ਜਾਉ ਸੂਬੇਦਾਰ ਨੂੰ ਕਹਿ ਦਿਉ, ਸਾਡੇ ਆਗੂ ਗੁਰੂ ਤੇਗ ਬਹਾਦਰ ਜੀ ਹਨ। ਜੇ ਉਹ ਮੁਸਲਮਾਨ ਬਣ ਜਾਣ ਤਾਂ ਅਸੀਂ ਸਾਰੇ ਇਸਲਾਮ ਕਬੂਲ ਕਰ ਲਵਾਂਗੇ।"* ਪੰਡਤਾਂ ਨੇ ਕਸ਼ਮੀਰ ਦੇ ਸੂਬੇਦਾਰ ਸ਼ੇਰ ਅਫ਼ਗਾਨ ਨੂੰ ਜਾ ਕੇ ਕਹਿ ਦਿੱਤਾ ਅਤੇ ਸ਼ੇਰ ਅਫ਼ਗਾਨ ਨੇ ਸਾਰੀ ਗੱਲ ਔਰੰਗਜ਼ੇਬ ਨੂੰ ਜਾ ਦੱਸੀ। ਔਰੰਗਜ਼ੇਬ ਦੀ ਹਿੱਕ ਤੇ ਮੂੰਗ ਦਲੀ ਗਈ ਕਿਉਂਕਿ ਉਹ ਗੁਰੂ ਜੀ ਦੇ ਵਧਦੇ ਪਰਤਾਪ ਅਤੇ ਸਿੱਖੀ ਪ੍ਰਚਾਰ ਤੋਂ ਬਹੁਤ ਦੁਖੀ ਸੀ। ਇਸ ਲਈ ਉਸਨੇ ਗੁਰੂ ਜੀ ਦੀ ਗ੍ਰਿਫ਼ਤਾਰੀ ਦਾ ਸਖ਼ਤ ਹੁਕਮ ਜਾਰੀ ਕਰ ਦਿੱਤਾ।

ਗੁਰੂ ਜੀ ਨੇ *'ਨਾ ਡਰੋ, ਨਾ ਡਰਾਉ'* ਦੇ ਮਿਸ਼ਨ ਦੇ ਪ੍ਰਚਾਰ ਅਤੇ ਕੁਰਬਾਨੀ ਦੇਣ ਲਈ, ਆਪਣੇ ਅਜ਼ੀਜ਼ ਨੂੰ ਗੁਰਗੱਦੀ ਦੇ ਯੋਗ ਸਮਝਦਿਆਂ ਗੱਦੀ ਦੀ ਜ਼ਿੰਮੇਵਾਰੀ ਉਨ੍ਹਾਂ ਦੇ ਸਪੁਰਦ ਕਰ ਕੇ ਦਿੱਲੀ ਵੱਲ ਨੂੰ ਚਾਲੇ ਪਾ ਦਿੱਤੇ। ਰਾਹ ਵਿੱਚ ਹਜ਼ਾਰਾਂ ਲੋਕ ਗੁਰ ਉਪਦੇਸ਼ ਨੂੰ ਸੁਣ ਕੇ ਗੁਰੂ ਜੀ ਨਾਲ ਹੀ ਹੋ ਤੁਰੇ। ਖੁਫ਼ੀਆ ਏਜੰਸੀਆਂ ਨੇ ਖ਼ਬਰ ਪਹੁੰਚਾਈ ਕਿ 'ਗੁਰੂ ਜੀ ਤਾ ਹਜ਼ਾਰਾਂ ਲੋਕਾਂ ਨਾਲ ਦਿੱਲੀ ਵੱਲ ਨੂੰ ਆ ਰਹੇ ਹਨ। ਹੋ ਸਕਦਾ ਹੈ ਕੋਈ ਹਮਲਾ ਕਰਨ ਦੀ ਹੀ ਨੀਤੀ ਨਾ ਹੋਵੇ। ਰਾਵਲਪਿੰਡੀ ਰਵਾਨਾ ਹੋਣ ਤੋਂ ਪਹਿਲਾਂ ਔਰੰਗਜ਼ੇਬ ਨੇ ਆਪਣੇ ਮੰਤਰੀਆਂ, ਅਹਿਲਕਾਰਾਂ ਅਤੇ ਫ਼ੌਜੀ ਜਰਨੈਲਾਂ ਨੂੰ ਹਦਾਇਤ ਕਰ ਦਿੱਤੀ ਕਿ ਗੁਰੂ ਤੇਗ ਬਹਾਦਰ ਜੀ ਦੀ ਗ੍ਰਿਫ਼ਤਾਰੀ ਉਪਰੰਤ ਮੁਸਲਮਾਨ ਬਨਾਉਣਾ ਹੈ। ਜੇ ਨਾ ਮੰਨਣ, ਤਾਂ ਤਸੀਹੇ ਦੇ ਕੇ ਖ਼ਤਮ ਕਰ ਦਿੱਤਾ ਜਾਵੇ। ਔਰੰਗਜ਼ੇਬੀ ਰਾਜ ਦੀ ਵਫ਼ਾਦਾਰ ਫੌਜ ਨੇ ਆਗਰੇ ਸ਼ਹਿਰ 'ਚ ਗੁਰੂ ਜੀ ਨੂੰ ਸੰਗਤ ਸਮੇਤ ਘੇਰ ਲਿਆ। ਗੁਰੂ ਜੀ ਨੇ ਸਾਰੀ ਸੰਗਤ ਨੂੰ ਵਾਪਸ ਮੋੜ ਦਿੱਤਾ ਅਤੇ ਖ਼ੁਦ ਆਪਣੇ ਆਪ ਨੂੰ ਅਤੇ ਪੰਜ ਸਿੱਖਾਂ ਭਾਈ ਮਤੀਦਾਸ, ਭਾਈ ਗੁਰਦਿਤਾ, ਭਾਈ ਦਿਆਲਾ, ਭਾਈ ਊਦਾ ਤੇ ਭਾਈ ਸਤੀਦਾਸ ਨੂੰ ਗ੍ਰਿਫ਼ਤਾਰੀ ਲਈ ਪੇਸ਼ ਕੀਤਾ।

ਗੁਰੂ ਜੀ ਅਤੇ ਪੰਜ ਸਿੱਖਾਂ ਨੂੰ ਗ੍ਰਿਫ਼ਤਾਰ ਕਰਕੇ 500 ਘੋੜਸਵਾਰਾਂ ਦੀ ਸਖ਼ਤ ਨਿਗਰਾਨੀ ਹੇਠ ਦਿੱਲੀ ਲਿਆਂਦਾ ਗਿਆ। ਉਸ ਵਕਤ ਔਰੰਗਜ਼ੇਬ ਦਿੱਲੀ ਵਿੱਚ ਨਹੀਂ ਸੀ। ਪਹਿਲਾਂ ਦਿੱਲੀ ਵਿੱਚ ਜਾਮਾ ਮਸਜਿਦ ਨੇੜੇ ਇੱਕ ਖੰਡਰਨੁਮਾ ਇਮਾਰਤ 'ਚ ਰਖਿਆ ਗਿਆ। ਸਰਕਾਰੀ ਨੀਤੀ ਅਨੁਸਾਰ ਕਾਜ਼ੀ ਨੇ ਇਸਲਾਮ ਕਬੂਲਣ ਜਾਂ ਕਰਾਮਾਤ ਦਿਖਾਉਣ ਉੱਪਰ ਜ਼ੋਰ ਦਿੱਤਾ। ਗੁਰੂ ਜੀ ਨੇ ਸਪੱਸ਼ਟ ਨਾਹ ਕਰ ਦਿੱਤੀ। ਬਾਅਦ 'ਚ ਗੁਰੂ ਜੀ ਨੂੰ ਚਾਂਦਨੀ ਚੌਂਕ ਦੇ ਥਾਣੇ ਦੀ ਇਮਾਰਤ ਵਿੱਚ ਲਿਆ ਕੇ ਸਰੀਰਕ ਤਸੀਹੇ ਦਿੱਤੇ ਗਏ। ਪੈਰਾਂ 'ਚ ਬੇੜੀਆਂ, ਹੱਥਾਂ 'ਚ ਹੱਥਕੜੀਆਂ ਲਾ ਕੇ ਤੰਗ ਪਿੰਜਰੇ 'ਚ ਬੰਦ ਕਰ ਦਿੱਤਾ। ਗੁਰੂ ਜੀ ਅਡੋਲ ਅਕਾਲਪੁਰਖੀ ਅਨੰਦਾਂ 'ਚ ਭਾਣਾ ਮੰਨਣ ਦੇ ਸਿਧਾਂਤ ਨੂੰ ਅਮਲ 'ਚ ਲਿਆ ਰਹੇ ਸਨ। ਗੁਰੂ ਜੀ ਦੀ ਦ੍ਰਿੜ੍ਹਤਾ ਵੇਖ ਕੇ ਹਾਕਮਾਂ ਨੇ ਗੁਰੂ ਜੀ ਨਾਲ ਗ੍ਰਿਫ਼ਤਾਰ ਕੀਤੇ ਸਿੱਖਾਂ ਨੂੰ ਵਾਰੋ-ਵਾਰੀ ਤਸੀਹੇ ਦੇਣ ਦਾ ਫ਼ੈਸਲਾ ਕੀਤਾ।

ਹਾਕਮਾਂ ਦੇ ਫ਼ੈਸਲੇ ਮੁਤਾਬਿਕ ਪਹਿਲਾਂ ਭਾਈ ਮਤੀਦਾਸ ਨੂੰ ਸ਼ਹੀਦ ਕਰਨ ਲਈ ਪ੍ਰੋਗਰਾਮ ਬਣਾਇਆ। ਭਾਈ ਮਤੀਦਾਸ ਜੀ ਨੂੰ ਆਰੇ ਨਾਲ ਦੋਫਾੜ ਕਰ ਕੇ ਸ਼ਹੀਦ ਕੀਤਾ ਜਾਣਾ ਸੀ। ਮਿਥੇ ਪ੍ਰੋਗਰਾਮ ਅਨੁਸਾਰ ਆਰਾ ਲਿਆ ਕੇ ਭਾਈ ਮਤੀਦਾਸ ਦੇ ਸਿਰ ਉੱਪਰ ਰੱਖ ਕੇ ਉਹੋ ਗੱਲ ਦੁਹਰਾਈ ਗਈ, ਇਸਲਾਮ ਕਬੂਲੋ ਜਾਂ ਮੌਤ ਕਬੂਲੋ। ਕੈਦਖਾਨੇ ਤੋਂ ਕੱਢ ਕੇ ਚਾਂਦਨੀ ਚੌਂਕ 'ਚ ਭਾਈ ਮਤੀਦਾਸ ਨੂੰ ਹਜ਼ਾਰਾਂ ਲੋਕਾਂ ਦੀ ਮੌਜੂਦਗੀ 'ਚ ਬਿਠਾ ਕੇ ਕਈ ਹੋਰ ਲਾਲਚ ਵੀ ਦਿੱਤੇ। ਭਾਈ ਸਾਹਿਬ ਨੇ ਠੁਕਰਾ ਦਿੱਤੇ। ਭਾਈ ਮਤੀਦਾਸ ਨੂੰ ਆਖ਼ਰੀ ਇੱਛਾ ਪੁੱਛੇ ਜਾਣ ਤੇ ਉਨ੍ਹਾਂ ਦਾ ਜੁਆਬ ਸੀ ਕਿ ਆਰਾ ਚਲਣ ਮੌਕੇ ਮੇਰਾ ਮੂੰਹ ਗੁਰੂ ਜੀ ਦੇ ਵੱਲ ਹੋਵੇ। ਆਰਾ ਚੱਲਣਾ ਸ਼ੁਰੂ ਹੋ ਗਿਆ ਅਤੇ ਭਾਈ ਮਤੀਦਾਸ ਅਡੋਲ ਜਪੁਜੀ ਸਾਹਿਬ ਦਾ ਪਾਠ ਕਰਦੇ ਗਏ। ਸਰੀਰ ਦੋਫਾੜ ਹੋਣ ਮੌਕੇ ਭਾਈ ਮਤੀਦਾਸ ਦੇ ਸਰੀਰ 'ਚੋਂ ਆਵਾਜ਼ ਆਈ–

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥<br>
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥੧॥

(ਜਪੁਜੀ ਸਾਹਿਬ)

ਵੇਖਣ ਵਾਲਿਆਂ ਦੇ ਰੌਂਗਟੇ ਖੜ੍ਹੇ ਹੋ ਗਏ। ਖ਼ੂਨ ਦਾ ਛੱਪੜ ਬਣਿਆ ਪਿਆ ਸੀ। ਇਹ ਸਾਰਾ ਦੁਖਦਾਈ ਵਰਤਾਰਾ ਗੁਰੂ ਤੇਗ ਬਹਾਦਰ ਜੀ ਦੀਆਂ ਅੱਖਾਂ ਸਾਹਮਣੇ ਵਰਤਾਇਆ ਗਿਆ ਤਾਂ ਜੋ ਉਨ੍ਹਾਂ ਨੂੰ ਸਿਦਕ ਤੋਂ ਡੁਲਾਇਆ ਜਾ ਸਕੇ।

ਅਗਲੇ ਦਿਨ ਭਾਈ ਦਿਆਲਾ ਜੀ ਨੂੰ ਜੇਲ੍ਹ ਦੀ ਕੋਠੜੀ ਵਿੱਚੋਂ ਬਾਹਰ ਕੱਢਣ ਤੋਂ ਪਹਿਲਾਂ ਹੀ ਦੇਗ ਵਿੱਚ ਉਬਾਲਣ ਦਾ ਫ਼ੈਸਲਾ, ਅਹਿਲਕਾਰਾਂ ਨੇ ਕਰ ਲਿਆ ਸੀ। ਅਹਿਲਕਾਰਾਂ ਨੂੰ ਇਹ ਭੁਲੇਖਾ ਸੀ ਕਿ ਸ਼ਾਇਦ ਭਾਈ ਮਤੀਦਾਸ ਦੀ ਸ਼ਹੀਦੀ ਤੋਂ ਡਰਕੇ ਭਾਈ ਦਿਆਲਾ ਇਸਲਾਮ ਕਬੂਲ ਕਰ ਲਵੇਗਾ ਪਰ ਭਾਈ ਸਾਹਿਬ ਦੇ ਕੜਕਵੇਂ ਜਵਾਬ ਸੁਣ ਕੇ ਹਾਕਮ ਸਮਝ



www.AKJ.Org

ਗਏ ਕਿ ਇਹਨਾਂ ਨਹੀਂ ਮੰਨਣਾ। ਦੇਗ ਵਿੱਚ ਪਾਣੀ ਪਾ ਕੇ ਅੱਗ ਉੱਪਰ ਰੱਖਿਆ ਹੋਇਆ ਸੀ, ਜਦ ਉਬਲਣ ਲੱਗਿਆ ਤਾਂ ਭਾਈ ਦਿਆਲਾ ਜੀ ਨੂੰ ਕੋਲ ਲਿਜਾ ਕੇ ਖੜ੍ਹਾ ਕਰ ਦਿੱਤਾ ਗਿਆ। ਸਤਿਗੁਰੂ ਨੂੰ ਨਮਸਕਾਰ ਕਰਕੇ ਭਾਈ ਦਿਆਲਾ ਜੀ ਉਬਲਦੇ ਪਾਣੀ 'ਚ ਬੈਠ ਗਏ। ਪਾਣੀ ਦੀ ਪੌਣੀ ਭਰੀ ਦੇਗ ਦਾ ਪਾਣੀ ਗਲ-ਗਲ ਤੱਕ ਆ ਗਿਆ। ਭਾਈ ਸਾਹਿਬ ਨੇ ਪਾਠ ਅਰੰਭ ਕਰ ਲਿਆ। ਸਿਦਕੀ ਸਿੱਖ ਦਾ ਸਰੀਰ ਪਾਣੀ ਵਿਚ ਉਬਲ ਰਿਹਾ ਸੀ ਪਰ ਬਿਰਤੀ ਪੂਰੀ ਟਿਕਾਉ ਵਿੱਚ ਸੀ। ਝਟ ਪਿਛੋਂ ਸਰੀਰ ਗਲ ਗਿਆ ਅਤੇ ਅੰਗ ਵੱਖਰੇ-ਵੱਖਰੇ ਹੋ ਗਏ। ਭਾਈ ਸਾਹਿਬ ਸ਼ਹੀਦੀ ਪਾ ਗਏ, ਪਰ ਇਸ ਦ੍ਰਿੜਤਾ ਨੂੰ ਦੇਖ ਕੇ ਹਾਕਮ ਵੀ ਕੰਬ ਗਏ। ਇਹ ਵਰਤਾਰਾ ਵੀ ਗੁਰੂ ਤੇਗ ਬਹਾਦਰ ਜੀ ਸਾਹਮਣੇ ਵਰਤਾਇਆ ਗਿਆ ਤਾਂ ਜੋ ਉਨ੍ਹਾਂ 'ਤੇ ਬੇਤੁਕਾ ਪ੍ਰਭਾਵ ਪਾਇਆ ਜਾ ਸਕੇ।

ਤੀਜੇ ਦਿਨ ਗੁਰੂ ਜੀ ਦੇ ਇਕ ਹੋਰ ਨਜ਼ਦੀਕੀ ਸਿੱਖ ਭਾਈ ਸਤੀਦਾਸ ਨੂੰ ਤਸੀਹੇ ਦੇ ਕੇ ਸ਼ਹੀਦ ਕਰਨ ਦੀ ਵਿਉਂਤ ਅਮਲ ਵਿਚ ਲਿਆਉਣ ਲਈ ਤਿਆਰੀ ਕੀਤੀ ਗਈ ਚਾਂਦਨੀ ਚੌਂਕ ਫੁਹਾਰੇ ਵਾਲੀ ਜਗ੍ਹਾ ਤੇ ਰੂੰ 'ਚ ਲਪੇਟ ਕੇ ਲੋਹੇ ਦੇ ਥੰਮ ਨਾਲ ਬੰਨ੍ਹ ਕੇ ਸਾੜਨ ਦੀ ਸਕੀਮ ਅਨੁਸਾਰ, ਭਾਈ ਸਤੀਦਾਸ ਨੂੰ ਉਕਤ ਤਰਕੀਬ ਮੁਤਾਬਕ ਤੇਲ ਛਿੜਕ ਕੇ ਅੱਗ ਲਾ ਦਿੱਤੀ ਗਈ। ਗੁਰੂ ਜੀ ਦੇ ਪਿੰਜਰੇ ਸਾਹਮਣੇ ਮੁੱਖ 'ਚ ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ਦਾ ਸਿਮਰਨ ਕਰਦੇ ਹੋਏ ਭਾਈ ਸਤੀਦਾਸ ਜਿਉਂਦੇ ਹੀ ਸੜ ਕੇ ਸ਼ਹੀਦ ਹੋ ਗਏ। ਭਾਈ ਸਤੀਦਾਸ ਦੀ ਸ਼ਹਾਦਤ ਤੋਂ ਗੁਰੂ ਤੇਗ ਬਹਾਦਰ ਜੀ ਦੇ ਡੋਲ ਜਾਣ ਦਾ ਅੰਦਾਜ਼ਾ ਵੀ ਗਲਤ ਨਿਕਲਿਆ।

ਫਿਰ ਗੁਰੂ ਸਾਹਿਬ ਨੂੰ ਸ਼ਹੀਦ ਕਰਨ ਦਾ ਫੈਸਲਾ ਕੀਤਾ ਗਿਆ। ਪਿੰਜਰੇ 'ਚੋਂ ਬਾਹਰ ਕੱਢ ਕੇ ਮੁੜ ਉਹੀ ਗੱਲ ਦੁਹਰਾਈ ਗਈ, ਇਸਲਾਮ ਕਬੂਲੋ ਜਾਂ ਮੌਤ। ਗੁਰੂ ਜੀ ਨੇ ਇਸ਼ਨਾਨ ਕੀਤਾ। ਉਹ ਖੂਹ ਗੁ: ਸੀਸ ਗੰਜ ਸਾਹਿਬ ਵਿਖੇ ਅੱਜ ਵੀ ਮੌਜੂਦ ਹੈ, ਜਿਥੇ ਇਸ਼ਨਾਨ ਕੀਤਾ ਸੀ। ਉਪਰੰਤ ਇਕ ਬੋਹੜ ਹੇਠਾਂ ਆ ਕੇ ਬੈਠ ਗਏ। ਹਜ਼ਾਰਾਂ ਲੋਕਾਂ ਦੀ ਮੌਜੂਦਗੀ 'ਚ ਗੁਰੂ ਤੇਗ ਬਹਾਦਰ ਜੀ ਨੇ ਜਪੁਜੀ ਸਾਹਿਬ ਦਾ ਪਾਠ ਸੰਪੂਰਨ ਕੀਤਾ। ਵਾਹਿਗੁਰੂ ਗੁਰਮੰਤ੍ਰ ਦੀ ਅਖੰਡ ਧੁਨੀ ਅਰੰਭ ਹੋਣ ਸਾਰ ਹੀ ਉਨ੍ਹਾਂ ਸੀਸ ਝੁਕਾਇਆ ਅਤੇ ਸਮਾਣੇ ਦੇ ਜੱਲਾਦ ਨੇ, ਜੋ ਉਸ ਸਮੇਂ ਤਲਵਾਰ ਚੁੱਕੀ ਮਾਰਨ ਲਈ ਖੜ੍ਹਾ ਸੀ, ਨੇ ਵਾਰ ਕਰਕੇ ਸੀਸ ਧੜ ਤੋਂ ਵੱਖ ਕਰ ਦਿਤਾ। ਇਹ ਭਾਣਾ ਬਾਅਦ ਦੁਪਹਿਰ ਵਰਤਿਆ ਸੀ ਅਤੇ ਸ਼ਾਮ ਨੂੰ ਭਾਰੀ ਹਨ੍ਹੇਰੀ ਅਤੇ ਮੀਂਹ ਆ ਗਿਆ। ਹਾਕਮਾਂ ਦਾ ਐਲਾਨ ਸੀ ਕਿ ਕੋਈ ਗੁਰੂ ਜੀ ਦਾ ਸੀਸ ਨਹੀਂ ਉਠਾਏਗਾ। ਹਨ੍ਹੇਰੀ-ਮੀਂਹ ਦੌਰਾਨ ਭਾਈ ਜੈਤਾ ਜੀ ਗੁਰੂ ਤੇਗ ਬਹਾਦਰ ਜੀ ਦਾ ਪਵਿੱਤਰ ਸੀਸ ਚੁੱਕ ਕੇ, ਚਾਦਰ 'ਚ ਲਪੇਟ ਕੇ ਅਨੰਦਪੁਰ ਸਾਹਿਬ ਲੈ ਆਏ। ਉਪਰੰਤ ਲੱਖੀ ਸ਼ਾਹ ਵਣਜਾਰਾ ਹੁਸ਼ਿਆਰੀ ਅਤੇ ਦਲੇਰੀ ਨਾਲ ਮੀਂਹ ਪੈਂਦੇ 'ਚ ਹੀ ਧੜ ਨੂੰ ਆਪਣੇ ਗੱਡੇ 'ਚ ਲੱਦ ਕੇ ਘਰ ਲੈ ਗਿਆ ਅਤੇ ਸੁਵੱਖਤੇ ਹੀ ਧੜ ਨੂੰ ਆਪਣੇ ਘਰ ਸਮੇਤ ਅੱਗ ਲਾ ਦਿੱਤੀ ਤਾਂ ਜੋ ਹਕੂਮਤੀ ਕਹਿਰ ਤੋਂ ਬਚਿਆ ਜਾ ਸਕੇ। ਸੀਸ ਅਤੇ ਧੜ ਨੂੰ ਲਿਜਾਣ ਦੀਆਂ ਘਟਨਾਵਾਂ ਮੁਗਲ ਸਾਮਰਾਜ ਵਿਰੁਧ ਲੋਕ-ਰੋਹ ਦਾ ਪ੍ਰਗਟਾਵਾ ਸਨ।

ਇਤਿਹਾਸਕ ਹਵਾਲਿਆਂ ਅਨੁਸਾਰ ਗੁਰੂ ਤੇਗ ਬਹਾਦਰ ਜੀ ਨੂੰ 11 ਨਵੰਬਰ 1675 ਈ. ਨੂੰ ਸ਼ਹੀਦ ਕੀਤਾ ਗਿਆ ਸੀ ਅਤੇ ਉਹ ਥਾਂ ਜਿੱਥੇ ਗੁਰੂ ਜੀ ਨੂੰ ਸ਼ਹੀਦ ਕੀਤਾ ਗਿਆ ਸੀ, ਅੱਜ ਗੁਰਦੁਆਰਾ ਸੀਸ ਗੰਜ ਸੁਸ਼ੋਭਿਤ ਹੈ। ਲੱਖੀ ਸ਼ਾਹ ਵਲੋਂ ਆਪਣੇ ਘਰ ਨੂੰ ਸਾੜਨ ਦਾ ਵਾਕਿਆ ਅੱਜਕਲ੍ਹ ਬਣੇ ਹੋਏ ਗੁਰਦੁਆਰਾ ਰਕਾਬ ਗੰਜ ਵਾਲੀ ਜਗ੍ਹਾ ਹੋਇਆ ਸੀ।

ਜਿਸ ਤਰੀਕੇ ਨਾਲ ਗੁਰੂ ਤੇਗ ਬਹਾਦਰ ਜੀ ਅਤੇ ਨਿਕਟਵਰਤੀ ਸਿੱਖਾਂ ਨੇ ਦੂਜੇ ਦੇ ਧਰਮ ਲਈ ਆਪਾ ਨਿਛਾਵਰ ਕੀਤਾ, ਇਸ ਦੀ ਮਿਸਾਲ ਸੰਸਾਰ ਦੇ ਕਿਸੇ ਵੀ ਇਤਿਹਾਸ 'ਚੋਂ ਮਿਲਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਗੁਰੂ ਜੀ ਦੀ ਖੁਸ਼ੀ ਲੈਣ ਖਾਤਰ ਆਰੇ ਨਾਲ ਚਿਰ ਜਾਣਾ ਪ੍ਰਵਾਨ ਕਰ ਲਿਆ, ਦੇਗਾਂ 'ਚ ਉਬਲਣਾ ਮੰਨਜ਼ੂਰ ਕਰ ਲਿਆ, ਜਿਉਂਦੇ ਸੜ ਜਾਣਾ ਕਬੂਲ ਕਰ ਲਿਆ। ਸੱਚਮੁੱਚ ! ਹੈਰਾਨੀਜਨਕ ਅਦੁੱਤੀ ਕੁਰਬਾਨੀ ਹੈ। ਫੇਰ ਗੁਰੂ ਜੀ ਦੀ ਖੁਸ਼ੀ ਲੈਣ ਹਿੱਤ ਹੀ ਲੱਖੀ ਸ਼ਾਹ ਵਣਜਾਰੇ ਨੇ ਆਪਣਾ ਘਰ ਹੀ ਸਾੜ ਦਿੱਤਾ। ਉਸਦੀ ਇਹ ਭਾਵਨਾ ਸੀ ਕਿ ਘਰ ਤਾਂ ਫੇਰ ਵੀ ਬਣ ਜਾਵੇਗਾ, ਨਾ ਵੀ ਬਣੇ ਤਾਂ ਵੀ ਕੋਈ ਗ਼ਮ ਨਹੀਂ ਪਰ ਸਤਿਗੁਰਾਂ ਦੇ ਧੜ ਦੀ ਬੇਅਦਬੀ ਨਾ ਹੋਵੇ। ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਪੁਕਾਰ-ਪੁਕਾਰ ਕੇ ਏਹੋ ਦ੍ਰਿੜ ਕਰਾਉਂਦੀ ਹੈ ਕਿ-

ਬਾਂਹਿ ਜਿਨ੍ਹਾਂ ਦੀ ਪਕੜੀਏ
ਸਿਰ ਦੀਜੈ ਬਾਂਹਿ ਨ ਛੋੜੀਐ।।
ਗੁਰ ਤੇਗ ਬਹਾਦਰ ਬੋਲਿਆ
ਧਰ ਪਈਏ ਧਰਮ ਨ ਛੋੜੀਐ।। (ਕੇਸੋ ਭੱਟ)

ooooo



www.AKJ.Org

# ਕਿਨਕਾ ਏਕ ਜਿਸੁ ਜੀਅ ਬਸਾਵੈ

(ਗੁਰਦੇਵ ਸਿੰਘ 'ਲਹਿਰ' ਐਮ. ਏ., ਪੀ. ਸੀ. ਐਸ.)

ਅਕਾਲ ਰੂਪ ਕਰਤਾ ਪੁਰਖ ਅਗੰਮ ਵੀ ਹੈ ਤੇ ਅਗੋਚਰ ਵੀ। ਉਹ ਸਰਬ ਵਿਆਪਕ ਤੇ ਬੜਾ ਬੇਅੰਤ ਹੈ। ਉਸ ਦਾ ਪਾਰਾਵਾਰ ਤੇ ਲੇਖਾ ਜੋਖਾ ਲਖਿਆ ਹੀ ਨਹੀਂ ਜਾ ਸਕਦਾ। ਕਿੰਨੇ ਖੰਡਾਂ, ਬ੍ਰਹਮੰਡਾਂ ਤੇ ਮੰਡਲਾਂ ਦਾ ਉਹ ਸਿਰਜਨਹਾਰ ਹੈ। ਅੱਜ ਤੱਕ ਕੋਈ ਵੀ ਅਜ਼ੀਮ ਵਿਗਿਆਨਕ, ਏਨੀ ਉੱਨਤੀ ਦੇ ਬਾਵਜੂਦ ਵੀ, ਕੋਈ ਵੱਡੇ ਤੋਂ ਵੱਡਾ ਦਾਨਸ਼ਵਰ ਵੀ ਉਹਦੀ ਵਡਿਆਈ ਦੀ ਚਰਮ ਸੀਮਾ ਹੀ ਨਹੀਂ ਦੱਸ ਸਕਿਆ। ਫੇਰ ਸਿਫ਼ਤ ਇਹ ਕਿ ਉਹ ਜ਼ੱਰੇ ਜ਼ੱਰੇ ਅਤੇ ਕਣ ਕਣ ਵਿੱਚ ਰਮਿਆ ਹੋਇਆ ਹੈ। ਜੁਗਾਂ ਜੁਗਾਂਤਰਾਂ ਤੋਂ ਸਭਨਾਂ ਨੂੰ ਰਿਜ਼ਕ ਦਿੰਦਾ ਆ ਰਿਹਾ ਹੈ। ਉਸ ਦੇ ਭੰਡਾਰ ਵੀ ਬੇਅੰਤ ਹਨ ਤੇ ਅਮੁੱਕ ਹਨ। ਖ਼ੂਬੀ ਇਸ ਗੱਲ ਦੀ ਹੈ ਕਿ ਉਹ ਨਜ਼ਰਾਨੇ ਤਾਂ ਸਭ ਨੂੰ ਦੇ ਰਿਹਾ ਹੈ ਪਰ ਇਹਨਾਂ ਦਾ ਇਵਜ਼ਾਨਾ ਕਦੀ ਵੀ ਨਹੀਂ ਮੰਗਿਆ। ਇਹ ਸਭ ਉਸ ਦੀ ਫਰਾਖ਼ ਦਿਲੀ ਹੈ। ਅੱਖਾਂ, ਕੰਨ, ਨੱਕ, ਹੱਥ, ਪੈਰ, ਦਿਲ ਤੇ ਦਿਮਾਗ ਵਰਗੀਆਂ ਅਮੁੱਲ ਨਿਆਮਤਾਂ ਉਹਨੇ ਬਖਸ਼ੀਆਂ ਹਨ। ਅਹਿਸਾਨ ਫਰਾਮੋਸ਼ੀ ਫਿਰ ਵੀ ਜਗਤ ਵਿੱਚ ਪ੍ਰਧਾਨ ਹੈ। ਹਰ ਪ੍ਰਾਣੀ ਨੂੰ ਉਹ ਦਾਤਾਰ ਦਾ ਅਹਿਸਾਨ ਮੰਦ ਹੋਣਾ ਚਾਹੀਦਾ ਹੈ *"ਪਰ ਦਾਤੇ ਨਾਲੋਂ ਦਿੱਤਾ ਚੰਗਾ, ਐਸਾ ਮਨਮੁੱਖ ਜਾਣੀਐ"* ਦੀ ਤੂਤੀ ਹੀ ਬੋਲਦੀ ਸੁਣੀਦੀ ਹੈ।

ਜੀਵਨ ਦੇ ਸਫ਼ਰ ਵਿੱਚ ਅਣਗਿਣਤ ਰੁਝੇਵੇਂ ਦਰਪੇਸ਼ ਹੁੰਦੇ ਰਹਿੰਦੇ ਹਨ। ਜਿਨ੍ਹਾਂ ਵਿੱਚ ਕਈ ਪ੍ਰਕਾਰ ਦੀਆਂ ਅੜਚਨਾਂ, ਦੁਸ਼ਵਾਰੀਆਂ ਤੇ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕਿੰਨੇ ਹੀ ਬੰਧਨ ਤੇ ਰੋਕਾਂ ਦਾ ਵਿਰਾਟ ਰੂਪ ਨਮੂਦਾਰ ਹੁੰਦਾ ਰਹਿੰਦਾ ਹੈ ਜਿਨ੍ਹਾਂ ਕਾਰਨ ਮਾਨਸਿਕ ਤਣਾਉ ਪੈਦਾ ਹੁੰਦੇ ਰਹਿੰਦੇ ਹਨ। ਨਤੀਜੇ ਵਜੋਂ ਮਨੁਖਾ ਦੇਹੀ ਰੋਗੀ ਹੋ ਜਾਂਦੀ ਹੈ। ਇਹਨਾਂ ਖਿਚਾਵਾਂ ਤੋਂ ਮੁਕਤ ਹੋਣ ਦਾ ਵਾਹਦ ਹੱਲ ਉਸ ਪਿਤਾ ਪਰਮੇਸ਼ਵਰ ਦੇ ਸਿਮਰਨ ਵਿੱਚ ਲੀਨ ਹੋਣਾ ਹੈ। ਉਸ ਪਿਤਾ ਦਾ ਜਸ ਗਾਉਣਾ ਤੇ ਕੀਰਤੀ ਸੁਣਨੀ ਹੀ ਅਕਸੀਰ ਉਪਾਅ ਹੈ। ਇਸ ਪੰਧ ਤੇ ਚੱਲਣ ਵਾਲੇ ਪਾਂਧੀ ਆਖਰ ਮੰਜਲ ਤੇ ਅੱਪੜ ਹੀ ਜਾਂਦੇ ਹਨ। ਫੁਰਮਾਨ ਵੀ ਪਰਤੱਖ ਹੈ–

'ਜਹ ਮੁਸਕਲ ਹੋਵੈ ਅਤਿ ਭਾਰੀ।।
ਹਰਿ ਕੋ ਨਾਮੁ ਖਿਨ ਮਾਹਿ ਉਧਾਰੀ।।'
(ਪੰਨਾ ੨੬੪)

ਧੁਰ ਕੀ ਬਾਣੀ ਦਾ ਇਹ ਪ੍ਰਵਚਨ ਸੱਚਾਈ ਦਾ ਲਖਾਇਕ ਹੈ। ਕਈ ਵਾਰ ਤਾਂ ਅਕਾਲ ਪੁਰਖ ਦੀ ਅਜਿਹੀ ਰਹਿਮਤ ਹੋ ਜਾਂਦੀ ਹੈ ਕਿ ਭਿਅੰਕਰ ਕਸ਼ਟਾਂ ਦਾ ਤੂਫ਼ਾਨ ਵੀ ਫੁਰਨੇ ਵਿੱਚ ਟਲ ਜਾਂਦਾ ਹੈ। ਹਾਂ ਇੰਨੀ ਗੱਲ ਅਵੱਸ਼ ਹੈ ਕਿ ਆਪਾ ਸਮਰਪਨ ਕਰਨਾ ਪੈਂਦਾ ਹੈ, ਬੇ-ਖ਼੍ਰੀਦ ਨਫਰ ਬਣਨਾ ਪੈਂਦਾ ਹੈ। ਅਜਿਹਾ ਨਾਟਕ ਚੇਟਕ ਕਰਨ ਵਿੱਚ ਦਿਖਾਵਾਪਨ ਤੇ ਪਰਦਾ-ਪੋਸ਼ੀ ਪੁਗਦੀ ਹੀ ਨਹੀਂ।

ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ (ਪੰਨਾ ੨੬੯)
ਜਾਂ
ਜਿਨ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ
(ਪੰਨਾ ੪੮੮)

ਉਸ ਆਕਾ ਦੀ ਵੱਡੀ ਸਿਫ਼ਤ ਇਹ ਹੈ ਕਿ ਉਹ 'ਘਟ ਘਟ ਕੇ ਅੰਤਰ ਕੀ ਜਾਨਤ' ਵਾਲਾ ਸੁਆਮੀ ਹੈ। ਕਿਸੇ ਭੁਲੇਖੇ, ਖੋਟ ਜਾਂ ਮਿਲਾਵਟ ਵਾਲੀ ਗੱਲ ਕਰਨੀ ਹੀ ਪਾਗਲਪਨ ਹੈ, ਨਾਦਾਨੀ ਹੈ। ਉਹ ਆਪ ਬੜਾ ਦਿਆਲੂ ਤੇ ਕਿਰਪਾਲੂ ਹੈ। ਜੁਗੋਜੁਗ ਅਟੱਲ ਵੀ ਹੈ। ਉਹਦੇ ਨਾਲ ਬੇਗਰਜ਼ ਸਾਧਨਾ ਤੇ ਸੱਚੀ ਤੇ ਸੁੱਚੀ ਅਰਾਧਨਾ ਹੀ ਪੁੱਗਦੀ ਹੈ। ਇਹ ਗੱਲ ਪੱਕੇ ਤੌਰ ਤੇ ਠੋਕ ਵਜਾ ਕੇ ਕਹੀ ਜਾ ਸਕਦੀ ਹੈ ਕਿ ਉਹਦੇ ਨਾਲ ਕੀਤੀ ਪ੍ਰੀਤ ਅਜਾਈਂ ਨਹੀਂ ਜਾਂਦੀ। ਵਿਸ਼ਵਾਸ ਵਿੱਚ ਦ੍ਰਿੜ੍ਹਤਾ, ਅਕੀਦਤ ਵਿੱਚ ਪਕਿਆਈ, ਉਸ ਨਾਲ ਕੀਤੇ ਪ੍ਰੇਮ ਦੇ ਪ੍ਰਮੁੱਖ ਥੰਮ ਹਨ। ਸਰਬ ਸ਼ਕਤੀਮਾਨ ਦਾਤਾਰ ਅੰਤਰ ਆਤਮਾ ਦੇ ਗੁਣਾਂ ਸਦਕਾ ਸੱਚੀ ਤੇ ਸੁੱਚੀ ਲਗਨ ਦਾ ਕਦਰਦਾਨ ਵੀ ਹੈ। ਨਦਰਿ ਕਰਮ ਦੇ ਭੰਡਾਰਾਂ ਦੇ ਅੰਬਾਰ ਉਹਦੇ ਕੋਲ ਮੌਜੂਦ ਹਨ।

ਕੋਈ ਵਿਅਕਤੀ ਭਾਵੇਂ ਕਿਸੇ ਵਰਗ ਦਾ ਹੋਵੇ, ਕਿਸੇ ਰੇਖ ਭੇਖ ਦਾ ਧਾਰਨੀ ਹੋਵੇ, ਉਸ ਪਿਤਾ ਕੋਲ ਤਾਂ ਇਮਤਿਆਜ਼ੀ ਵਰਤਾਰਾ ਹੁੰਦੀ ਹੀ ਨਹੀਂ। ਗੁਰੂ ਨਾਨਕ ਦੀ ਦਸਵੀਂ ਜੋਤਿ ਦਸ਼ਮੇਸ਼ ਪਿਤਾ ਨੇ ਤਾਂ ਇਥੋਂ ਤੱਕ ਗਵਾਹੀ ਭਰੀ ਹੈ–

"ਸਾਚੁ ਕਹੋਂ ਸੁਨ ਲੇਹੁ ਸਭੈ
ਜਿਨ ਪ੍ਰੇਮ ਕੀਉ ਤਿਨਹੀ ਪ੍ਰਭ ਪਾਇਓ।।੯।।"
(ਸੁਧਾ ਸਵਈਏ)

ਹਾਂ ਇਸ ਪ੍ਰੇਮ ਖੇਡ ਵਿੱਚ ਕਿਸੇ ਪ੍ਰਕਾਰ ਦੀ ਬਨਾਵਟ, ਵਲਛਲ ਤੇ ਚੁਸਤੀ ਚਲਾਕੀ ਦੀ ਕੋਈ ਥਾਂ ਨਹੀਂ। ਬੇਖ਼੍ਰੀਦ ਹੋਣ ਦਾ ਭਾਵ ਬੇਗਰਜ਼ ਹੋਣਾ ਹੁੰਦਾ ਹੈ, ਠੱਗੀ ਠੋਰੀ ਤੋਂ ਮੁਕਤ ਹੋਣਾ ਪੈਂਦਾ ਹੈ। ਅਹਿਮ ਸਵਾਲ ਤਾਂ ਉਸ ਸਰਬ ਕਲਾ ਸਮਰਥ ਪਿਤਾ ਨੂੰ ਭਾ ਜਾਣ ਦਾ ਹੈ। ਜੇ ਭਾਅ ਗਿਆ ਤੇ ਤਸਲੀਮ ਹੋ ਗਿਆ।



www.AKJ.Org

ਫਿਰ–

ਸੰਤਾ ਕੇ ਕਾਰਜਿ ਆਪਿ ਖਲੋਇਆ
ਹਰਿ ਕੰਮੁ ਕਰਾਵਣਿ ਆਇਆ ਰਾਮ ।।(ਪੰਨਾ ੭੮੩)

ਭਗਤ ਜਨਾਂ ਜਾਂ ਧੁਰ ਕੀ ਬਾਣੀ ਦੇ ਰਚੇਤਿਆ ਦੇ ਹਵਾਲਿਆਂ ਵਿੱਚ ਕਦੀ ਨਾਮੇ ਦੀ ਛੰਨ ਦਾ ਹਵਾਲਾ ਦਿੱਤਾ ਜਾਂਦਾ ਹੈ, ਕਦੀ ਧੰਨੇ ਜੱਟ ਦੀਆਂ ਗਊਆਂ ਚਾਰਨ ਦੀ ਦਾਸਤਾਨ ਕਹੀ ਜਾਂਦੀ ਹੈ। ਕਦੀ ਸੈਣ ਨਾਈ ਬੁਤਕਾਰੀਆਂ ਦਾ ਰੂਪ ਧਾਰ ਕੇ ਪ੍ਰਭੂ ਨੂੰ ਰਾਜੇ ਦੀ ਹਜ਼ੂਰੀ ਭਰਨ ਜਾਣ ਦਾ ਦ੍ਰਿਸ਼ਟਾਂਤ ਦਿੱਤਾ ਜਾਂਦਾ ਹੈ। ਇਹ ਸਾਰੇ ਹਵਾਲੇ ਤਾਂ *'ਪਿਦਰਮ ਸੁਲਤਾਨ ਬੂਦ'* ਵਾਲੀ ਗੱਲ ਦੀ ਹੀ ਪ੍ਰੋੜਤਾ ਹੈ। ਅਜਿਹੇ ਦ੍ਰਿਸ਼ਟਾਂਤਾਂ ਨੂੰ ਮਿਸਾਲ ਬਣਾ ਕੇ ਸਾਹਮਣੇ ਰੱਖਣ ਦੀ ਥਾਂ ਵਧੀਆਂ ਗੱਲ ਬਣਦੀ ਹੈ ਕਿ ਹਰ ਬੰਦਾ ਆਪਣੇ ਦਸਾਂ ਨੌਂਹਾਂ ਦੀ ਕਿਰਤ ਕਰੇ ਤੇ ਆਪਣਾ ਚਿੱਤ ਨਿਰੰਜਨ ਨਾਲ ਜੋੜੀ ਰੱਖੇ। ਇਸ ਤਰ੍ਹਾਂ ਦੇ ਅਭਿਆਸ ਕਰਨ ਨਾਲ ਅਨਹਦ-ਨਾਦ ਦੀ ਧੁਨਕਾਰ ਆਪ ਮੁਹਾਰੇ ਹੀ ਸੁਣਾਈ ਦੇਵੇਗੀ। ਜਿਹੜੇ ਪ੍ਰਾਣੀ ਇਹਨਾਂ ਅਰਸ਼ੀ ਨਜ਼ਾਰਿਆਂ ਦਾ ਇਕ ਵਾਰ ਅਨੰਦ ਮਾਣ ਲੈਂਦੇ ਹਨ ਫਿਰ ਉਹ ਸਦੀਵੀ ਤੌਰ ਤੇ ਇਹਨਾਂ ਨਾਲ ਜੁੜੇ ਰਹਿੰਦੇ ਹਨ।

ਮਾਇਆ ਜਾਲ ਵੀ ਉਸ ਕਰਤੇ ਪੁਰਖ ਦੀ ਲੀਲਾ ਹੈ, ਮਿੱਠੀ ਵੀ ਹੈ ਤੇ ਮੋਹਣੀ ਵੀ ਪਰ ਮਾਇਆ ਛਲ ਹੈ, ਪਰਛਾਵੇਂ ਵਾਂਗ, ਇੱਕ ਥਾਂ ਤੇ ਟਿਕਦੀ ਹੀ ਨਹੀਂ। ਕੁਸੰਭੇ ਦਾ ਫੁੱਲ ਬੜਾ ਲੁਭਾਇਮਾਨ ਹੁੰਦਾ ਹੈ, ਮਨ ਇਸ ਨਾਲ ਮੋਹਿਆ ਜਾਂਦਾ ਹੈ ਪਰ ਬਹੁਤ ਛੇਤੀਂ ਹੀ ਇਸ ਭਰਮ ਜਾਲ ਦਾ ਪਰਦਾ ਫਾਸ਼ ਹੋ ਜਾਂਦਾ ਹੈ, ਬਹੁਤੇ ਵਿਅਕਤੀ ਮੋਹ ਮਾਇਆ ਦੇ ਭਰਮ ਜਾਲਾਂ ਵਿੱਚ ਫਸੇ ਰਹਿੰਦੇ ਹਨ। ਆਪਣੇ ਅਸਲ ਮਾਰਗ ਤੋਂ ਉਹ ਉਖੜੇ ਰਹਿੰਦੇ ਹਨ। ਅਨੁ ਰਸਾਂ ਵੱਲ ਵਿਅਸਤ ਹੋਣਾ ਤੇ ਉਹਨਾਂ ਵਿੱਚ ਖੱਚਤ ਹੋਣਾ ਹੀ ਭਟਕਣਾ ਨੂੰ ਜਨਮ ਦਿੰਦਾ ਹੈ। ਸਿੱਖ ਧਰਮ ਦੀ ਹੋਂਦ ਤੋਂ ਪਹਿਲਾਂ ਤਾਂ ਕੁੱਝ ਲੋਕ ਜੰਗਲਾਂ ਪਰਬਤਾਂ ਤੇ ਜਾ ਕੇ ਪ੍ਰਭੂ ਭਗਤੀ ਵਿੱਚ ਜੁੜ ਜਾਂਦੇ ਸਨ। ਦੁਨਿਆਵੀਂ ਰਸਾਂ ਕਸਾਂ ਦੀ ਪਰਵਿਰਤੀ ਨੂੰ ਨਜ਼ਰ ਅੰਦਾਜ਼ ਕਰਨ ਦਾ ਹੀ ਇਹ ਵੱਲ ਜਾਂ ਢੰਗ ਸੀ। ਬਾਬੇ ਨਾਨਕ ਨੇ ਤਾਂ ਬੜੀ ਖੁਸ਼-ਅਸੂਲਬੀ ਨਾਲ ਫੁਰਮਾਇਆ ਸੀ।

ਅੰਜਨ ਮਾਹਿ ਨਿਰੰਜਨਿ ਰਹੀਐ
ਜੋਗ ਜੁਗਤਿ ਇਵ ਪਾਈਐ ।। (ਪੰਨਾ ੭੩੦)

ਇਹਨਾਂ ਸੰਕੇਤਕ ਸ਼ਬਦਾਂ ਵਿੱਚ ਹੀ ਕੁੱਜੇ ਵਿੱਚ ਸਮੁੰਦਰ ਬੰਦ ਕੀਤਾ ਹੋਇਆ ਹੈ। ਪੂਰੀ ਹਿਕਮਤ ਅਮਲੀ ਨਾਲ ਇਸ ਨੂੰ ਧਾਰਨ ਕਰਨਾ ਬੜਾ ਕਠਨ ਹੈ। ਅੱਜ ਦੇ ਸਮੇਂ ਵਿੱਚ ਤਾਂ ਬਗਲੇ ਭਗਤ ਤੇ ਪੂਪਨੇ ਸਾਧਾਂ ਦੀ ਭਰਮਾਰ ਹੈ। ਉਹਨਾਂ ਦੀ ਕਥਨੀ ਤੇ ਕਰਨੀ ਵਿੱਚ ਬੜਾ ਅੰਤਰ ਹੁੰਦਾ ਹੈ। *'ਰੋਟੀਆਂ ਕਾਰਨ ਪੂਰੇ ਤਾਲ'* ਵਾਲੀ ਗੱਲ ਸਹੀ ਹੈ।

ਭਾਰਤ ਦੇਸ਼ ਅੰਗਰੇਜ਼ਾਂ ਦੀ ਗੁਲਾਮੀ ਤੋਂ 1947 ਵਿੱਚ ਮੁਕਤ ਹੋਇਆ। ਮੁਸਲਮਾਨਾਂ ਨੂੰ ਆਪਣਾ ਵੱਖਰਾ ਖਿੱਤਾਂ ਪਾਕਿਸਤਾਨ ਦੇ ਨਾਂ ਹੇਠ ਪ੍ਰਾਪਤ ਹੋਇਆ। ਇਸ ਤਬਾਦਲੇ ਸਮੇਂ ਭਿਆਨਕ ਮਾਰਾਂ ਧਾੜਾਂ ਤੇ ਖ਼ੂਨ ਖਰਾਬੇ ਤੇ ਵੱਢਾਂ ਕੱਟਾਂ ਦੇਖਣ ਨੂੰ ਆਈਆਂ। ਚੱਲ ਅਤੇ ਅਚੱਲ ਜਾਇਦਾਦਾਂ ਤੋਂ ਵੀ ਹੱਥ ਧੋਣੇ ਪਏ। ਕਿੰਨਿਆਂ ਨੂੰ ਆਪਣੀਆਂ ਜਨਮ ਭੂਮੀਆਂ ਵੀ ਮਜ਼ਬੂਰਨ ਛੱਡਣੀਆਂ ਪਈਆਂ। ਇਨ੍ਹਾਂ ਘਟਨਾਂ ਚੱਕਰਾਂ ਵਿੱਚ ਇਕ ਮੁਸਲਮਾਨ ਵਿਅਕਤੀ ਨੂੰ ਵੀ ਹਰਮੰਦਰ ਸਾਹਿਬ ਦੀ ਪਵਿੱਤਰ ਭੂਮੀ ਛੱਡ ਕੇ ਲਾਹੌਰ ਜਾਣਾ ਪਿਆ ਪਰ ਮਜ਼ੇ ਦੀ ਗੱਲ ਇਹ ਹੋਈ ਕਿ ਉਹਦੀ ਸੁਰਤੀ ਫਿਰ ਵੀ ਦਰਬਾਰ ਸਾਹਿਬ ਨਾਲ ਜੁੜੀ ਰਹੀ। ਲਾਹੌਰ ਵਿੱਚ ਰਹਿੰਦਿਆਂ ਜਦੋਂ ਵੀ ਉਹਨੂੰ ਵਿਹਲ ਮਿਲਦੀ ਚੌਕੜਾ ਮਾਰ ਕੇ ਬੈਠ ਜਾਂਦਾ। ਮਨ ਨੂੰ ਇਕਾਗਰ ਕਰਕੇ 20 ਮੀਲਾਂ ਦੀ ਦੂਰੀ ਤੇ ਵਸਦੇ ਸ੍ਰੀ ਅੰਮ੍ਰਿਤਸਰ ਦਾ ਧਿਆਨ ਧਰਦਾ ਤਾਂ ਉਥੇ ਬੈਠਿਆਂ ਵੀ ਦਰਬਾਰ ਸਾਹਿਬ ਵਿੱਚ ਹੋ ਰਹੇ ਇਲਾਹੀ ਕੀਰਤਨ ਦੀਆਂ ਧੁੰਨਾਂ ਉਹਨੂੰ ਸੁਣਦੀਆਂ, ਉਹ ਮਖਮੂਰ ਹੋ ਜਾਂਦਾ। ਉਹ ਅਕਸਰ ਕਿਹਾ ਕਰੇ ਕਿ ਮੇਰਾ ਕਾਅਬਾ ਤਾਂ ਅੰਮ੍ਰਿਤਸਰ ਵਿੱਚ ਹੀ ਹੈ, ਏਥੇ ਰਹਿੰਦਿਆਂ ਵੀ ਪਹਿਲਾਂ ਵਾਂਗ ਮੇਰੀਆਂ ਮਨੋਕਾਮਨਾਵਾਂ ਪੂਰੀਆਂ ਹੋ ਰਹੀਆਂ ਹਨ।

ਜਿਸ ਜੀਵ ਨੇ ਭਾਵੇਂ ਉਹ ਦੁਨੀਆਂ ਦੇ ਕਿਸੇ ਹਿੱਸੇ ਦਾ ਵੀ ਵਸਨੀਕ ਹੋਵੇ, ਆਪਣੀ ਸੁਰਤੀ ਤੇ ਲਿਵ ਦਾ ਰੁਖ ਆਪਣੇ ਪਿਆਰੇ ਇਸ਼ਟ ਨਾਲ ਜੋੜਿਆ ਹੋਵੇ ਤਾਂ ਪ੍ਰਭੂ ਦੀ ਰਹਿਮਤ ਨੇ ਅ ਪਣਾ ਕਾਰਜ ਆਰੰਭ ਕਰ ਦਿੱਤਾ। ਮਨ ਇਛਤ ਮੁਰਾਦ ਪੂਰੀਆਂ ਹੋਈਆਂ। ਕਿਸੇ ਪ੍ਰਕਾਰ ਦੀ ਦ੍ਵੈਸ਼, ਭੈ ਤੇ ਓਪਰਾਪਨ ਆਦਿ ਝੁਕਾਵਾਂ ਦੀ ਇਸ ਸੁਮਾਰਗ ਵਿੱਚ ਕੋਈ ਥਾਂ ਨਹੀਂ। ਬਗਲੇ ਭਗਤ ਦੀ ਪਰਵਿਰਤੀ ਸੱਚੀ ਭਗਤੀ ਭਾਵਨਾ ਨਾਲ ਕੋਈ ਨੇੜੇ ਦਾ ਵੀ ਸੰਬੰਧ ਨਹੀਂ ਰੱਖਦੀ। ਏਥੇ ਤਾਂ

ਮਨੁ ਬੇਚੈ ਸਤਿਗੁਰ ਕੈ ਪਾਸਿ।
ਤਿਸੁ ਸੇਵਕ ਕੇ ਕਾਰਜ ਰਾਸਿ। (ਪੰਨਾ ੨੮੬)

ਉਸ ਸਮਰੱਥ ਪ੍ਰਭੂ ਦੀ ਵਡਿਆਈ ਦੇ ਪ੍ਰਤੱਖ


www.AKJ.Org

ਹੋਣ ਦੇ ਪ੍ਰਮਾਣ ਦੀ ਲੋੜ ਹੀ ਨਹੀਂ ਪੈਂਦੀ-

ਰਹਤ ਅਵਰ ਕਛੁ ਅਵਰ ਕਮਾਵਤ॥
ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ॥
(ਪੰਨਾ ੨੬੯)

ਵਾਲੀ ਭਾਵਨਾ ਨਾਲੋਂ ਮਨ ਵਿੱਚ ਆਪਣੇ ਪਿਆਰੇ ਸਿਰਜਨਹਾਰ ਨਾਲ ਅਟੁੱਟ ਖਿੱਚ ਹੋਣੀ ਲਾਜ਼ਮੀ ਹੈ। ਮਹਿਜ਼ ਲੋਕ ਵਿਖਾਵਾ ਅਤੇ ਭੇਖ ਦਾ ਇਥੇ ਕੋਈ ਕੰਮ ਨਹੀਂ। ਸੇਵਾ ਕਰਨ ਦਾ ਜੇ ਅਵਸਰ ਮਿਲੇ ਤਾਂ ਚਾਉ ਤੇ ਰੀਝ ਨਾਲ ਕੀਤੀ ਜਾਵੇ। ਓਪਰੀ ਪ੍ਰੀਤ ਤਾਂ ਇੱਕ ਢਕਵੰਜ ਹੀ ਹੈ। ਜਦੋਂ ਚਾਅ ਨਾਲ ਸੇਵਾ ਕੀਤੀ ਜਾਵੇ ਫੇਰ ਤਾਂ-

ਤੋਰੀ ਨ ਤੂਟੈ ਛੋਰੀ ਨ ਛੂਟੈ
ਐਸੀ ਮਾਧੋ ਖਿੰਚ ਤਨੀ। (ਪੰਨਾ ੮੨੭)

ਜਦੋਂ ਅਜਿਹੀ ਸਥਿਤੀ ਬਣ ਜਾਂਦੀ ਹੈ ਤਾਂ ਹਉਮੈ ਖਤਮ ਹੋ ਜਾਂਦੀ ਹੈ। ਤੂੰ ਹੀ ਤੂੰ ਨਾਲ ਰਾਬਤਾ ਕਾਇਮ ਹੋ ਜਾਂਦਾ ਹੈ। ਭਾਈ ਘਨੱਯੀਆ ਜੀ ਵਾਂਗ ਜਿੱਧਰ ਦੇਖੋ ਤੂੰ ਹੀ ਤੂੰ ਹੈਂ। ਐਸੀ ਭਾਵਨਾ ਰੱਖਣ ਵਾਲਾ ਵਿਅਕਤੀ ਜੀਵਨ ਮੁਕਤ ਹੋ ਜਾਂਦਾ ਹੈ ਤੇ ਪਾਰਸ ਹੋ ਨਿਬੜਦਾ ਹੈ। *'ਆਪਾ ਪਰ ਕਾ'* ਵਾਲੀ ਹੋਂਦ ਖਤਮ ਹੋ ਜਾਂਦੀ ਹੈ। 'ਸਭੇ ਕਾਜ ਸੁਹੇਲੜੇ ਥੀਏ' ਦੀ ਸਟੇਜ ਉੱਤੇ ਨਾਮੀ ਪੁੱਜ ਜਾਂਦਾ ਹੈ। ਨਾਮੀ ਦੀ ਉਸ ਅਨੰਤ ਨਾਲ ਇਕਮਿਕਤਾ ਤੇ ਅਭੇਦਤਾ ਹੋ ਜਾਂਦੀ ਹੈ। ਸਾਰੀ ਖੇਡ ਤਾਂ ਪਿਤਾ ਨੂੰ ਰੀਝਾਉਣ ਦੀ ਹੈ, ਜਦੋਂ ਉਹਨੂੰ ਰੀਝਾ ਲਿਆ ਫੇਰ ਕਸਰ ਹੀ ਕੋਈ ਨਹੀਂ ਰਹਿੰਦੀ। ਹੋਰ ਅਨਰਸਾਂ ਦੀ ਤਾਂਘ ਹੀ ਮੁੱਕ ਜਾਂਦੀ ਹੈ। ਖੇੜਿਆਂ ਦੀ ਭਰਮਾਰ ਉਹਦੇ ਆਲੇ ਦੁਆਲੇ ਕਤਾਰਾਂ ਬੰਨ੍ਹ ਕੇ ਖੜ੍ਹ ਜਾਂਦੀ ਹੈ। ਫਿਰ 'ਬਿਘਨ ਨ ਕੋਊ ਲਾਗੋ' ਵਾਲੀ ਅਵਸਥਾ ਨਸੀਬ ਹੋ ਜਾਂਦੀ ਹੈ ਤੇ ਹੋਰ ਅਨਰਸ ਤੁੱਛ ਤੇ ਫਿਕੇ ਭਾਸਦੇ ਹਨ।

00000

## ਸਲਤਨਿਤ ਨਹਮ (ਪਾਤਸ਼ਾਹੀ ਨੌਂਵੀਂ)

(ਭਾਈ ਨੰਦ ਲਾਲ ਸਿੰਘ ਕ੍ਰਿਤ ਗੰਜਨਾਮਾ ਵਿੱਚੋਂ)

ਵਾਹਿਗੁਰੂ ਜੀਓਸਤ ਵਾਹਿਗੁਰੂ ਜੀ ਹਾਜ਼ਰ ਨਾਜ਼ਰ ਹੈ।

ਗੁਰੂ ਤੇਗ ਬਹਾਦਰ ਆਂ ਸਰਾਪਾ ਅਫ਼ਜ਼ਾਲ,
ਜ਼ੀਨਤ-ਆਰਾਇ ਮਹਿਫ਼ਲਿ ਜਾਹੋ ਜਲਾਲ॥੯੯॥
ਸਿਰ ਤੋਂ ਪੈਰਾ ਤੀਕ ਪਿਆਰਾ, ਹੈ ਬਜ਼ੁਰਗੀਆਂ ਦੀ ਮੂਰਤ,
ਸੱਭਾ ਜਾਹੋ ਜਲਾਲ ਵਾਲੀ, ਉਸ ਦੀ ਸ਼ਿੰਗਾਰੇ ਸੂਰਤ।

ਅਨਵਾਰਿ ਹੱਕ ਅਜ਼ ਵਜੂਦਿ ਪਾਕਿਸ਼ ਰੌਸ਼ਨ
ਹਰ ਦੋ ਆਲਮ ਜ਼ਿ ਫ਼ੈਜ਼ਿ ਫ਼ਜ਼ਲਸ਼ ਰੌਸ਼ਨ॥੧੦੦॥
ਸੱਚ ਦੀਆਂ ਕਿਰਨਾਂ, ਉਸ ਦੀ ਪਾਕ ਹਸਤੀ ਤੋਂ ਨੂਰ-ਪੂਰਤ,
ਬਖ਼ਸ਼ਸ਼ ਕਰਮ ਦੇ ਸਦਕੇ, ਥੀਏ ਦੋ ਆਲਮ ਨੂਰਤ।

ਹੱਕ ਅਜ਼ ਹਮ੍ਹਾ ਬਰ-ਗੁਜ਼ੀਦਗਾਂ ਬਗੁਜ਼ੀਦਸ਼
ਤਸਲੀਮੋ ਰਜ਼ਾ ਰਾ ਨਿਕੋ ਸੰਜੀਦਸ਼॥੧੦੧॥
ਚੁਣ-ਕੱਢੇ ਜੋ ਲਧੋਵਾਰੇ, ਸਭ ਰਹਿ ਗਏ ਉਰਾਰੇ,
ਜਾਤਾ ਪਰਮ ਪੁਰਖ ਪਿਆਰੇ, ਸਬਰ ਸ਼ੁਕਰ ਦੀ ਸੂਰਤ।

ਬਰ ਹਰ ਮੁਕਬਲ, ਕਬੂਲਿ ਖ਼ੁਦ ਅਫ਼ਜ਼ਦਸ਼
ਮਸਜੂਦੁਲ ਆਲਮੀਂ ਜ਼ਿ ਫ਼ਜ਼ਿਲ ਖ਼ੁਦ ਫ਼ਰਮੂਦਸ਼॥੧੦੨॥
ਦੇਵਾਨ ਜੋ ਪਰਵਾਨੇ, ਸਭ 'ਚੋਂ ਉੱਚ ਮਾਨੇ,
ਸਭਸ ਦਾ ਪੂਜਯ ਥੱਪਿਆ, ਕਿਰਪਾ ਕਰ ਮਿਹਰ-ਮੂਰਤ।

ਦਸਤਿ ਹਮਾ-ਗਾਂ ਬ-ਜ਼ੈਲਿ ਅਫ਼ਜ਼ਾਲਿ ਊ,
ਬਰ ਸਰਿ ਅਨਵਾਰਿ ਇਲਮ ਹੱਕ-ਕਾਲਿ ਉ॥੧੦੩॥
ਬਖ਼ਸਸ਼ ਦੇ ਜਾਚਕ ਸਾਰੇ, ਸਭਨਾਂ ਨੇ ਹੱਥ ਪਸਾਰੇ,
'ਕੋਮਲ' ਓਸਦੀ ਸੱਚ ਬਾਣੀ, ਹੈ ਗਿਆਨ-ਪ੍ਰਚੰਡੀ ਨੂਰਤ।

(ਉਲਥਾਕਾਰ ਭਾਈ ਹਰਨਾਮ ਸਿੰਘ ਕੋਮਲ)



www.AKJ.Org

# ਬਾਬਾ ਨਾਨਕ ਤੇ ਸਮਾਜ

(ਸੁਸ਼ੀਲ ਕੌਰ)

(੧)

ਅੱਜ ਦੇ ਯੁਗ ਵਿਚ ਮਨੁੱਖੀ ਅਧਿਕਾਰਾਂ ਲਈ ਅਵਾਜਾਂ ਦੁਨੀਆਂ ਦੇ ਹਰ ਕੋਨੇ ਤੋਂ ਆ ਰਹੀਆਂ ਹਨ। ਕਈਆਂ ਨੇ ਤਾਂ ਜਾਨ ਦੀ ਬਾਜ਼ੀ ਲਗਾ ਕੇ ਅੱਗ ਵਿਚ ਹੱਥ ਪਾਇਆ। ਕਲਿਯੁਗੀ ਹਾਕਮਾਂ ਦੇ ਘੋਰ ਅਤਿਆਚਾਰਾਂ ਦੇ ਹਨ੍ਹੇਰੇ ਵਾਲੀ ਮੱਸਿਆ ਦੀ ਕਾਲੀ ਬੋਲੀ ਰਾਤ ਵਿਚੋਂ ਸੱਚ ਦਾ ਚੰਦਰਮਾ ਉਜਾਗਰ ਕਰਨ ਲਈ ਸਿਵਿਆਂ ਦੇ ਚਾਨਣ ਵਿਚ ਬੈਠ ਕੇ ਫੀਤੀਆਂ ਦੇ ਲਾਲਚ ਵਿਚ ਅੰਨ੍ਹੇ ਹੋਏ ਲੋਕਾਂ ਦੀਆਂ ਕਰਤੂਤਾਂ ਫਰੋਲਣੀਆਂ ਸ਼ੁਰੂ ਕੀਤੀਆਂ। ਮਨੁੱਖੀ ਅਧਿਕਾਰਾਂ ਦੇ ਵਣਜਾਰੇ ਬਾਬੇ ਨਾਨਕ ਦੀ ਅਗੰਮੀ ਬਾਣੀ ਦੀ ਗੂੰਜ ਉਨ੍ਹਾਂ ਨੂੰ ਪ੍ਰੇਮ ਖੇਲੁ ਖੇਲ੍ਹਣ ਦੇ ਚਾਅ ਨਾਲ ਭਰਦੀ ਰਹੀ ਅਤੇ ਸੀਸ ਤਲੀ ਉਤੇ ਧਰ ਕੇ ਪਿਆਰੇ ਦੀ ਗਲੀ ਵਿੱਚ ਜਾਣ ਦੀ ਜਾਂਚ ਸਿਖਾਲਦੀ ਰਹੀ-

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰ ਧਰੀਜੈ॥
ਸਿਰੁ ਦੀਜੈ ਕਾਣਿ ਨ ਕੀਜੈ॥ (ਪੰਨਾ ੧੪੧੨)

ਬੜਾ ਔਖਾ ਹੁੰਦਾ ਹੈ ਤਾਕਤ ਦੇ ਨਸ਼ੇ ਵਿਚ ਅੰਨ੍ਹੇ ਹੋਏ ਹਾਕਮਾਂ ਦੇ ਅੱਗੇ ਖੜ੍ਹੇ ਹੋ ਕੇ ਉਨ੍ਹਾਂ ਦੀਆਂ ਕਰਤੂਤਾਂ ਦਾ ਭਾਂਡਾ ਭੰਨਣਾ। ਜ਼ਹਿਰੀਲੇ ਸੱਪਾਂ ਵਾਂਗੂੰ ਹੰਕਾਰ ਦੇ ਫੁੰਕਾਰੇ ਮਾਰਨ ਵਾਲਿਆਂ ਨੂੰ ਉਨ੍ਹਾਂ ਦੇ ਰਾਜ ਵਿਚ ਰਹਿ ਕੇ ਹੀ ਕਹਿ ਦੇਣਾ ਕਿ ਕਸਾਈ ਰਾਜੇ ਦੇ ਰਾਜ ਵਿਚੋਂ ਧਰਮ ਖੰਭ ਲਗਾ ਕੇ ਉਡ ਗਿਆ ਹੈ ਅਤੇ ਝੂਠ ਦੀ ਮੱਸਿਆ ਦੀ ਰਾਤ ਵਿਚੋਂ ਸੱਚ ਰੂਪੀ ਚੰਦਰਮਾ ਦਿਸਦਾ ਨਹੀਂ ਹੈ।

ਇਹੋ ਜਿਹੀਆਂ ਗੱਲਾਂ ਮੌਤ ਦੇ ਮੂੰਹ ਵਿਚ ਬੈਠ ਕੇ ਹੀ ਕੀਤੀਆਂ ਜਾ ਸਕਦੀਆਂ ਹਨ ਪਰ ਬਾਬੇ ਨਾਨਕ ਨੇ ਸਿਖ ਧਰਮ ਨੂੰ ਗੁੜ੍ਹਤੀ ਹੀ ਤਿਆਗ, ਕੁਰਬਾਨੀ ਅਤੇ ਸੇਵਾ ਦੀ ਦਿੱਤੀ ਹੈ। ਜ਼ੁਲਮ ਦੇ ਖਿਲਾਫ ਲੜਦਿਆਂ, ਮੌਤ ਨੂੰ ਮਖੌਲਾਂ ਕਰਦਿਆਂ ਸ਼ਹਾਦਤ ਦਾ ਜਾਮ ਪੀਣਾ ਸਿੱਖ ਧਰਮ ਦੀ ਅਸਲੀ ਸ਼ਾਨ ਸਮਝਿਆ ਜਾਂਦਾ ਹੈ।

ਜੁਗਾਂ ਜੁਗਾਂਤਰਾਂ ਤੋਂ ਇਹ ਚਲਿਆ ਆ ਰਿਹਾ ਹੈ ਕਿ ਵੱਧ ਤੋਂ ਵੱਧ ਲੋਕਾਂ ਤੋਂ ਈਨ ਮਨਵਾਉਣ ਦੀ ਇੱਛਾ ਦੀ ਪੂਰਤੀ ਲਈ ਰਾਜੇ ਗਵਾਂਢੀ ਦੇਸ਼ਾਂ ਉਤੇ ਹਮਲੇ ਕਰਕੇ ਖ਼ੂਨ ਦੀ ਹੋਲੀ ਖੇਲ੍ਹਦੇ ਹਨ, ਆਪਣੀ ਹੈਂਕੜ ਕਾਇਮ ਕਰਨ ਲਈ ਅਨੇਕਾਂ ਘਰ ਬਰਬਾਦ ਕਰਦੇ ਹਨ। ਭੋਲੇ ਭਾਲੇ ਗਰੀਬ ਫੌਜੀ ਬਲੀ ਚੜ੍ਹਦੇ ਹਨ, ਉਹਨਾਂ ਦੀਆ ਮਾਂਵਾਂ ਭੈਣਾਂ ਅਤੇ ਪਤਨੀਆਂ ਉਨ੍ਹਾਂ ਦੀਆ ਰਾਹਾਂ ਦੇਖਦੀਆ ਹੀ ਰਹਿ ਜਾਂਦੀਆਂ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਜਿਹੇ ਪਾਪੀ ਰਾਜਿਆਂ ਦੇ ਅਤਿਆਚਾਰਾਂ ਦੇ ਸ਼ਿਕਾਰ ਹੋਏ ਲੋਕਾਂ ਦੇ ਦੁੱਖ ਦੱਸਣ ਲਈ ਖ਼ੂਨ ਦੇ ਸੋਹਲੇ ਅਲਾਪ ਕੇ ਦਰਦ ਬਿਆਨ ਕੀਤਾ:-

ਪਾਪ ਕੀ ਜੰਞ ਲੈ ਕਾਬਲਹੁ ਧਾਇਆ
ਜੋਰੀ ਮੰਗੈ ਦਾਨੁ ਵੇ ਲਾਲੋ॥
ਸਰਮੁ ਧਰਮੁ ਦੁਇ ਛਪਿ ਖਲੋਏ
ਕੂੜੁ ਫਿਰੈ ਪਰਧਾਨੁ ਵੇ ਲਾਲੋ॥
ਕਾਜੀਆ ਬਾਮਣਾ ਕੀ ਗਲ ਥਕੀ
ਅਗਦੁ ਪੜੈ ਸੈਤਾਨੁ ਵੇ ਲਾਲੋ॥
ਮੁਸਲਮਾਨੀਆ ਪੜਹਿ ਕਤੇਬਾ
ਕਸਟ ਮਹਿ ਕਰਹਿ ਖੁਦਾਇ ਵੇ ਲਾਲੋ॥
ਜਾਤਿ ਸਨਾਤੀ ਹੋਰਿ ਹਿਦਵਾਣੀਆ
ਏਹਿ ਭੀ ਲੇਖੈ ਲਾਇ ਵੇ ਲਾਲੋ॥
ਖੂਨ ਕੇ ਸੋਹਿਲੇ ਗਾਵੀਅਹਿ ਨਾਨਕ
ਰਤੁ ਕਾ ਕੁੰਗੂ ਪਾਇ ਵੇ ਲਾਲੋ॥ (ਪੰਨਾ ੭੨੨)

ਦਿੱਬ ਦ੍ਰਿਸ਼ਟੀ ਵਾਲੇ ਬਾਬੇ ਨਾਨਕ ਨੇ ਆਪਣੀ ਰੂਹਾਨੀ ਸ਼ਕਤੀ ਦੇ ਸਹਾਰੇ ਆਉਣ ਵਾਲੇ ਸਮੇਂ ਵਿੱਚ ਮਨੁੱਖੀ ਅਧਿਕਾਰਾਂ ਦਾ ਘਾਣ ਹੋਣ ਵਾਲੇ ਸਮੇਂ ਲਈ ਵੀ ਭਵਿੱਖ ਬਾਣੀ ਕੀਤੀ-

ਕਾਇਆ ਕਪੜੁ ਟੁਕੁ ਟੁਕੁ ਹੋਸੀ
ਹਿਦੁਸਤਾਨੁ ਸਮਾਲਸੀ ਬੋਲਾ॥
ਆਵਨਿ ਅਠਤਰੈ ਜਾਨਿ ਸਤਾਨਵੈ
ਹੋਰੁ ਭੀ ਉਠਸੀ ਮਰਦ ਕਾ ਚੇਲਾ॥
ਸਚ ਕੀ ਬਾਣੀ ਨਾਨਕੁ ਆਖੈ
ਸਚੁ ਸੁਣਾਇਸੀ ਸਚ ਕੀ ਬੇਲਾ॥ (ਪੰਨਾ ੭੨੩)

ਅੱਜ ਇਹ ਹਾਲ ਵੇਖ ਕੇ ਬੜੀ ਹੈਰਾਨੀ ਹੁੰਦੀ ਹੈ ਕਿ ਕੱਲ੍ਹ ਤਕ ਜਿਹਨਾਂ ਬੰਦਿਆਂ ਦੀ ਵੱਡੇ ਵੱਡੇ ਸਮਾਗਮਾਂ ਵਿੱਚ ਲੱਖਾਂ ਲੋਕਾਂ ਦੇ ਇਕੱਠਾਂ ਵਿੱਚ ਜੈ-ਜੈ-ਕਾਰ ਹੁੰਦੀ ਸੀ ਅਤੇ ਪ੍ਰੈਸ, ਰੇਡੀਓ ਤੇ ਟੀ. ਵੀ. ਦੇ ਪੜਦੇ ਉਤੇ ਇਹਨਾਂ ਨੂੰ ਸੇਵਾ, ਸੱਚਾਈ, ਕੁਰਬਾਨੀ ਅਤੇ ਇਮਾਨਦਾਰੀ ਦੇ ਪੁਤਲੇ ਦਿਖਾ ਕੇ ਧਰਤੀ ਉਤੇ ਚੱਲਣ ਦੀ ਥਾਂ ਅਸਮਾਨ ਵਿੱਚ ਫਰਿਸ਼ਤੇ ਬਣ ਕੇ ਉਡਦੇ ਦਿਖਾਇਆ ਜਾਂਦਾ ਸੀ, ਦੁਨੀਆਂ ਭਰ ਦੇ ਵਿਸ਼ੇਸ਼ਣ ਇਨ੍ਹਾਂ ਦੀ ਵਡਿਆਈ ਦੇ ਗੀਤਾਂ ਵਿੱਚ ਜੜ ਕੇ ਗਾਏ ਜਾਂਦੇ ਸਨ, ਅੱਜ ਉਹੀ ਬੰਦੇ ਬੇਈਮਾਨੀ ਦੇ ਵੱਡੇ ਵੱਡੇ ਘੁਟਾਲਿਆਂ ਵਿੱਚ ਨੰਗੇ ਹੋ



www.AKJ.Org

ਕੇ ਇਸ ਤਰ੍ਹਾਂ ਲੋਕਾਂ ਦੇ ਸਾਹਮਣੇ ਆਏ ਹਨ ਕਿ ਗੰਦੀ ਨਾਲੀ ਦੇ ਕੀੜਿਆਂ ਤੋਂ ਵੀ ਘਟੀਆ ਦਿਖਾਈ ਦਿੰਦੇ ਹਨ। ਜਦੋਂ ਐਨੇ ਵੱਡੇ ਜ਼ਿੰਮੇਵਾਰ ਲੋਕ ਚੋਰ ਸਾਬਤ ਹੋ ਜਾਣ ਤਾਂ ਫਿਰ ਅਸੀਂ ਇਮਾਨਦਾਰੀ ਕਿੱਥੋਂ ਲੱਭਣ ਜਾਵਾਂਗੇ ? ਜਿਹੜੇ ਲੋਕੀਂ ਕੱਲ੍ਹ ਤੱਕ ਚੋਰਾਂ ਨੂੰ ਦੇਵਤੇ ਕਹਿ ਕੇ ਪੂਜਦੇ ਸੀ, ਉਨ੍ਹਾਂ ਦਾ ਅੱਜ ਕੀ ਹਾਲ ਹੋਵੇਗਾ ? ਸ਼ਰਧਾ ਲੁੱਟਣਾ ਮਹਾਂ ਪਾਪ ਹੈ। ਇਨ੍ਹਾਂ ਕੋਲ ਸਾਧਨ ਸੀ, ਇਸ ਲਈ ਇਹ ਭੋਲੇ ਭਾਲੇ ਲੋਕਾਂ ਦੀਆਂ ਅੱਖੀਆਂ ਵਿੱਚ ਝੂਠ ਦਾ ਘੱਟਾ ਪਾ ਕੇ ਸੱਚ ਨੂੰ ਝੂਠ ਅਤੇ ਝੂਠ ਨੂੰ ਸੱਚ ਕਹਾਉਣ ਵਿੱਚ ਕਾਮਯਾਬ ਹੁੰਦੇ ਰਹੇ। ਇਨ੍ਹਾਂ ਸ਼ਰਧਾ ਦੇ ਲੁਟੇਰਿਆਂ ਨੇ ਲੋਕਾਂ ਨੂੰ ਕਿੰਨਾ ਬੇਵਕੂਫ ਬਣਾਇਆ ? ਸ਼ਰਧਾ ਲੁੱਟਣਾ, ਪੈਸਾ ਲੁੱਟਣ ਤੋਂ ਵੀ ਵੱਡਾ ਜੁਰਮ ਹੈ। ਕਾਸ਼ ! ਅੱਜ ਫਿਰ ਇੱਕ ਵਾਰੀ ਬਾਬਾ ਨਾਨਕ ਇਸ ਧਰਤੀ ਉੱਤੇ ਆਏ ਅਤੇ ਕਲਿਯੁਗ ਦੇ ਕਸਾਈ ਰਾਜਿਆਂ ਦੇ ਅਣ-ਮਨੁੱਖੀ ਤਸ਼ੱਦਦ ਨਾਲ ਕੁਰਲਾ ਰਹੀ ਲੁਕਾਈ ਦੀ ਪੁਕਾਰ ਦੀਨ ਦੁਨੀਆਂ ਦੇ ਮਾਲਿਕ ਦੇ ਕੰਨੀ ਪਾਉਣ ਲਈ ਕਰੁਣਾ ਦੇ ਸਾਗਰਾਂ ਵਿੱਚ ਡੁੱਬ ਕੇ ਗਾਉਂਦਿਆਂ ਕਹੇ :-

ਏਤੀ ਮਾਰ ਪਈ ਕਰਲਾਣੇ
ਤੈਂ ਕੀ ਦਰਦ ਨਾ ਆਇਆ।। (ਪੰਨਾ ੩੬੦)

(੨)

ਇਸ ਪੁਰਸ਼ ਪ੍ਰਧਾਨ ਸਮਾਜ ਵਿੱਚ ਸ਼ੁਰੂ ਤੋਂ ਹੀ ਔਰਤ ਨੂੰ ਮਰਦ ਤੋਂ ਨੀਵਾਂ ਦਰਜਾ ਦੇਣ ਦੀ ਕੋਸ਼ਿਸ਼ ਜਾਰੀ ਰਹੀ ਹੈ। ਅੱਜ ਵੀ ਦਾਜ ਦਹੇਜ ਦੇ ਮਾਮਲੇ ਵਿੱਚ ਜਾਂ ਹੋਰ ਕਈ ਕਾਰਨਾਂ ਕਰਕੇ ਔਰਤ ਨੂੰ ਕਈ ਪ੍ਰਕਾਰ ਦੀਆਂ ਬੇਇਨਸਾਫ਼ੀਆਂ ਅਤੇ ਬੇਰਹਿਮੀਆਂ ਸਹਿਣੀਆਂ ਪੈਂਦੀਆਂ ਹਨ। ਅੱਜ ਕਲ੍ਹ ਕਈ ਔਰਤਾਂ ਦੀਆਂ ਜਥੇਬੰਦੀਆਂ ਔਰਤਾਂ ਦੇ ਅਧਿਕਾਰਾਂ ਦੀ ਰੱਖਿਆ ਲਈ ਬੜਾ ਸ਼ਲਾਘਾਯੋਗ ਕੰਮ ਕਰ ਰਹੀਆਂ ਹਨ। ਔਰਤ ਜਾਤੀ ਨੂੰ ਮਰਦਾਂ ਵਾਂਗੂੰ ਹੀ ਸਮਾਜ ਵਿੱਚ ਸਾਰੇ ਹੱਕ ਦਿਵਾਉਣ ਲਈ ਬੜੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ ਪਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜ਼ਮਾਨੇ ਵਿੱਚ ਔਰਤ ਉੱਤੇ ਬਹੁਤ ਹੀ ਜ਼ੁਲਮ ਹੁੰਦੇ ਸਨ। ਸਤੀ ਹੋਣ ਦੀ ਰੀਤ ਨੇ ਇਹ ਸਾਬਤ ਕੀਤਾ ਹੋਇਆ ਸੀ ਕਿ ਔਰਤ ਮਰਦ ਤੋਂ ਬਿਨਾਂ ਕੋਈ ਚੀਜ਼ ਨਹੀਂ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਔਰਤ ਦੀ ਮਹਾਨਤਾ ਨੂੰ ਅਤੇ ਉਸਦੇ ਦਰਦ ਨੂੰ ਮਹਿਸੂਸ ਕਰਕੇ ਕਿਹਾ ਕਿ ਮਰਦ ਦਾ ਜੀਵਨ ਔਰਤ ਦੇ ਜੀਵਨ ਤੋਂ ਬਿਨਾਂ ਕੁੱਝ ਨਹੀਂ ਹੈ। ਇਹ ਦੁਨੀਆਂ ਔਰਤ ਦੇ ਨਾਲ ਹੀ ਚੱਲਦੀ ਹੈ। ਔਰਤ ਜਨਮ ਦਾਤੀ ਹੈ। ਰਾਜਿਆਂ ਨੂੰ ਜਨਮ ਦੇਣ ਵਾਲੀ ਵੀ ਔਰਤ ਹੀ ਹੈ। ਇਸ ਲਈ ਔਰਤ ਨੂੰ ਕਦੀ ਵੀ ਮਾੜਾ ਨਹੀਂ ਕਹਿਣਾ ਚਾਹੀਦਾ। ਸੱਚੇ ਦਰਬਾਰ ਭਾਵ ਰੱਬ ਦੀ ਦਰਗਾਹ ਵਿੱਚ ਉਨ੍ਹਾਂ ਲੋਕਾਂ ਦੀ ਕਦਰ ਹੋਏਗੀ ਜਿਹੜੇ ਔਰਤ ਦਾ ਸਨਮਾਨ ਕਰਦੇ ਹਨ।

ਸੋ ਕਿਉ ਮੰਦਾ ਆਖੀਐ
ਜਿਤੁ ਜੰਮਹਿ ਰਾਜਾਨ।। (ਪੰਨਾ ੪੭੩)

(੩)

ਜ਼ਾਤਪਾਤ ਤੇ ਛੂਤਛਾਤ ਮਨੁੱਖਤਾ ਦੇ ਮੱਥੇ ਉੱਤੇ ਬਹੁਤ ਵੱਡਾ ਕਲੰਕ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲੋਕਾਂ ਨੂੰ ਜ਼ਾਤ ਪਾਤ ਵਿੱਚੋਂ ਨਿਕਲ ਕੇ ਇਕੋ ਪਿਤਾ ਦੇ ਸਾਰੇ ਬੱਚੇ ਬਣ ਕੇ ਰਹਿਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਬੰਦੇ ਦੀ ਜ਼ਾਤ ਉਸਦੇ ਉੱਚੇ ਸੁੱਚੇ ਕਰਮਾਂ ਕਰਕੇ ਬਣਦੀ ਹੈ। ਜਿਹੜੇ ਲੋਕੀਂ ਮਾੜੇ ਕਰਮ ਕਰਦੇ ਹਨ ਉਨ੍ਹਾਂ ਦੀ ਜਾਤੀ ਨੀਵੀਂ ਸਮਝੀ ਜਾਣੀ ਚਾਹੀਦੀ ਹੈ। ਰੱਬ ਦੀ ਦਰਗਾਹ ਵਿੱਚ ਚੰਗੇ ਮਾੜੇ, ਕਰਮਾਂ ਅਨੁਸਾਰ ਹੀ ਸਾਨੂੰ ਇੱਜ਼ਤ ਮਾਣ ਮਿਲਦਾ ਹੈ। ਜਾਤੀ ਜਾਂ ਜੋਰ ਉੱਥੇ ਨਹੀਂ ਚੱਲਦਾ।

ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ।।
ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ।।
(ਪੰਨਾ ੪੬੯)

ਇੱਕ ਬੰਦਾ ਜੋ ਕਿਸੇ ਦੂਜੇ ਬੰਦੇ ਦੇ ਨਾਲ ਲੱਗ ਜਾਣ ਨਾਲ ਆਪਣੇ ਆਪ ਨੂੰ ਭਿੱਟ ਹੋ ਗਿਆ ਸਮਝੇ ਤਾਂ ਇਹ ਕਿੰਨਾ ਵੱਡਾ ਅਨਰਥ ਹੈ ? ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਦੇ ਹੱਕ ਵਿੱਚ ਆਵਾਜ਼ ਉਠਾਈ ਜਿਨ੍ਹਾਂ ਨੂੰ ਸਾਂਝੇ ਖੂਹ ਤੋਂ ਪਾਣੀ ਨਹੀਂ ਸੀ ਭਰਨ ਦਿੱਤਾ ਜਾਂਦਾ। ਜੇਕਰ ਉਹ ਨਾਲ ਲੱਗ ਜਾਣ ਤਾਂ ਭਿੱਟ ਹੋ ਜਾਣ ਕਰਕੇ ਦੁਬਾਰਾ ਨਹਾ ਕੇ ਕੋਈ ਕੰਮ ਕੀਤਾ ਜਾਂਦਾ ਸੀ। ਜੇਕਰ ਕਿਸੇ ਖਾਣ ਵਾਲੀ ਚੀਜ਼ ਨੂੰ ਉਨ੍ਹਾਂ ਦਾ ਹੱਥ ਲੱਗ ਜਾਵੇ ਤਾਂ ਉਹ ਚੀਜ਼ ਸੁੱਟ ਦਿੱਤੀ ਜਾਂਦੀ ਸੀ। ਅਛੂਤ ਦੇ ਹੱਥ ਲਗ ਕੇ ਭਿੱਟੀ ਜਾਣ ਵਾਲੀ ਕੋਈ ਚੀਜ਼ ਖਾਣ ਦੇ ਕਾਬਿਲ ਨਹੀਂ ਸੀ ਸਮਝੀ ਜਾਂਦੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਤੋਂ ਉਲਟ ਮਲਿਕ ਭਾਗੋ ਵਰਗੇ ਮਲੇਛਾਂ ਦੇ ਘਰੋਂ ਰੋਟੀ ਖਾਣ ਤੋਂ ਇਨਕਾਰ ਕਰਕੇ ਇਹ ਦੱਸਿਆ ਕਿ ਮਲਿਕ ਭਾਗੋ ਵਰਗੇ ਮਹਿਲਾਂ ਵਿੱਚ ਰਹਿਣ ਵਾਲੇ ਲੋਕ ਆਪਣੀ ਦਸਾਂ ਨੌਹਾਂ ਦੀ ਕਿਰਤ ਕਮਾਈ ਨਾਲ ਗੁਜ਼ਾਰਾ ਨਹੀਂ ਕਰਦੇ ਸਗੋਂ ਉਹ ਅਛੂਤਾਂ ਅਤੇ ਨੀਵੀਂ ਜਾਤੀਆਂ ਦੇ ਗਰੀਬ ਲੋਕਾਂ ਦੇ ਲਹੂ ਪਸੀਨੇ ਦੀ ਕਮਾਈ ਨਾਲ ਆਪਣੇ ਸੁੱਖਾਂ ਦਾ ਪ੍ਰਬੰਧ ਕਰਦੇ ਹਨ। ਗਰੀਬਾਂ ਦੇ ਖੂਨ ਚੂਸ ਚੂਸ ਕੇ ਵੇਹਲੇ ਰਹਿ ਕੇ ਰਾਜ ਭੋਗਣ ਵਾਲਿਆਂ ਦੀਆਂ ਰੋਟੀਆਂ ਵਿੱਚੋਂ ਖੂਨ ਦੀਆਂ ਧਾਰਾਂ ਵਗਦੀਆਂ ਦਿਖਾ ਕੇ ਇਹ ਸਾਬਤ ਕਰ ਦਿੱਤਾ ਕਿ ਮਲਿਕ ਭਾਗੋ ਦੇ ਘਰ ਪੱਕੇ ਹੋਏ


www.AKJ.Org

ਛੱਤੀ ਪ੍ਰਕਾਰ ਦੇ ਭੋਜਨ ਵਿੱਚ ਗਰੀਬਾਂ ਦਾ ਚੂਸਿਆਂ ਹੋਇਆ ਖੂਨ ਭਰਿਆ ਹੋਇਆ ਹੈ, ਇਸ ਲਈ ਉਹ ਭੋਜਨ ਭਿੱਟਿਆ ਹੋਇਆ ਹੈ, ਖਾਣ ਦੇ ਕਾਬਿਲ ਨਹੀਂ ਹੈ ਪਰ ਮਲਿਕ ਭਾਗੋ ਵਰਗਿਆਂ ਦੇ ਮਹਿਲਾਂ ਵਿੱਚ ਜਾ ਕੇ ਭਿੱਟੇ ਹੋਏ ਭੋਜਨ ਖਾਣ ਲਈ ਪਖੰਡੀ ਸਾਧੂਆਂ ਦੀਆਂ ਕਤਾਰਾਂ ਲੱਗੀਆਂ ਰਹਿੰਦੀਆਂ ਹਨ। ਮਲਿਕ ਭਾਗੋ ਦੀ ਜੈ-ਜੈ-ਕਾਰ ਕਰਨ ਲਈ ਅਤੇ ਖੁਸ਼ੀ ਵਿਹਾਜਣ ਲਈ ਬੜੇ ਪਾਖੰਡ ਕਰਕੇ ਯੱਗ ਕੀਤੇ ਜਾਂਦੇ ਹਨ। ਪ੍ਰੇਮ ਅਤੇ ਸੁੱਚਮ ਦੀ ਮਰਿਆਦਾ ਦੀ ਥਾਂ ਦਿਖਾਵੇ ਅਤੇ ਹੰਕਾਰ ਦੀ ਮਰਿਆਦਾ ਨਾਲ ਹੋ ਰਹੇ ਯੱਗਾਂ ਵਿੱਚ ਵਧੀਆਂ ਭੋਜਨ ਖਾ ਕੇ ਜੀਭ ਦਾ ਸੁਆਦ ਮਾਨਣ ਲਈ ਅਨੇਕਾਂ ਭੇਖੀਏ ਕਿਰਤ ਕਮਾਈ ਦੀ ਰੋਟੀ ਖਾਣ ਦੀ ਥਾਂ ਵੇਹਲੀਆਂ ਖਾਣ ਲਈ ਭਗਵੇ ਕੱਪੜੇ ਪਾ ਕੇ, ਮੱਥੇ ਉਤੇ ਟਿੱਕੇ ਸਜਾ ਕੇ, ਧੋਤੀਆਂ ਪਾ ਕੇ, ਚਉਂਕਿਆਂ ਨੂੰ ਲਿੱਪ ਪੋਚ ਕੇ ਆਲੇ ਦੁਆਲੇ ਕਾਰਾਂ ਕੱਢ ਕੇ ਬੈਠਦੇ ਹਨ। ਉਹ ਆਪ ਝੂਠੇ ਹੁੰਦੇ ਹਨ ਪਰ ਕਿਸੇ ਗਰੀਬ ਨੂੰ ਉਸ ਕਾਰ ਦੇ ਅੰਦਰ ਆਉਣ ਦੀ ਆਗਿਆ ਨਹੀਂ ਹੁੰਦੀ। ਇਸ ਤਰ੍ਹਾਂ ਹੋ ਜਾਵੇ ਤਾਂ ਉਹਨਾਂ ਦਾ ਭੋਜਨ ਭਿੱਟ ਹੋ ਜਾਵੇਗਾ। ਜੂਠੇ ਮਨਾਂ ਵਾਲੇ ਮਲੇਛਾਂ ਦੇ ਘਰਾਂ ਦਾ ਅੰਨ ਖਾ ਕੇ ਆਪਣੀ ਬੁੱਧੀ ਮਲੀਨ ਕਰ ਲੈਂਦੇ ਹਨ ਪਰ ਉਹ ਸੁੱਚੇ ਪਾਣੀ ਦੀਆਂ ਚੁਲੀਆਂ ਭਰ ਕੇ ਪਖੰਡ ਕਰਦੇ ਹਨ। ਉਨ੍ਹਾਂ ਨੂੰ ਇਸ ਗੱਲ ਦਾ ਗਿਆਨ ਨਹੀਂ ਹੁੰਦਾ ਕਿ ਸੱਚ ਪਿੱਛੇ ਲੱਗਣ ਨਾਲ ਹੀ ਅਤੇ ਕਿਰਤ ਕਮਾਈ ਦੀ ਸੁੱਚਮ ਨਾਲ ਹੀ ਅਸਲੀ ਸੱਚ ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ :-

ਦੇ ਕੈ ਚਉਕਾ ਕਢੀ ਕਾਰ।। ਉਪਰਿ ਆਇ ਬੈਠੇ ਕੂੜਿਆਰ।।
ਮਤੁ ਭਿਟੈ ਵੇ ਮਤੁ ਭਿਟੈ।। ਇਹੁ ਅੰਨੁ ਅਸਾਡਾ ਫਿਟੈ।।
ਤਨਿ ਫਿਟੈ ਫੇੜ ਕਰੇਨਿ।। ਮਨਿ ਜੂਠੈ ਚੁਲੀ ਭਰੇਨਿ।।
ਕਹੁ ਨਾਨਕ ਸਚੁ ਧਿਆਈਐ।। ਸੁਚਿ ਹੋਵੈ ਤਾ ਸਚੁ ਪਾਈਐ।।
(ਆਸਾ ਕੀ ਵਾਰ)

ਗਰੀਬੀ ਕਬੂਲ ਕੇ ਅਮੀਰੀ ਨੂੰ ਠੁਕਰਾਉਣ ਵਾਲਾ ਨਾਨਕ ਮਲਿਕ ਭਾਗੋ ਨੂੰ ਛੱਡ ਕੇ ਕੋਧਰੇ ਦੀ ਰੋਟੀ ਖਾਣ ਲਈ ਕਿਰਤੀ ਬੰਦੇ ਭਾਈ ਲਾਲੋ ਦੇ ਘਰ ਜਾ ਕੇ ਸੱਚ ਦਾ ਹੋਕਾ ਦਿੰਦਾ ਹੋਇਆ ਕਹਿੰਦਾ ਹੈ :-

ਜਿਨ ਪਟੁ ਅੰਦਰਿ ਬਾਹਰਿ ਗੁਦੜੁ ਤੇ ਭਲੇ ਸੰਸਾਰਿ।।
ਤਿਨ ਨੇਹੁ ਲਗਾ ਰਬ ਸੇਤੀ ਦੇਖਨੇ ਵੀਚਾਰਿ।।
ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ।।
ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ।।
(ਪੰਨਾ ੪੭੩)

ਮਲਿਕ ਭਾਗੋ ਦੀ ਜੈ ਜੈ ਕਰਨ ਦੀ ਥਾਂ ਉਸਨੇ ਬਾਹਰੋਂ ਗਰੀਬ, ਸਾਦੇ ਪਰ ਅੰਦਰੋਂ ਭਗਤੀ ਭੰਡਾਰਾਂ ਨਾਲ ਮਾਲੋ ਮਾਲ ਹੋਏ ਭਾਈ ਲਾਲੋ ਨੂੰ ਗਲ ਨਾਲ ਲਗਾਇਆ, ਕਿਰਤ ਕਮਾਈ ਦੀ ਰੋਟੀ ਵਿਚੋਂ ਦੁੱਧ ਦੀਆਂ ਧਾਰਾਂ ਵਗਦੀਆਂ ਦਿਖਾ ਕੇ ਲੋਕਾਂ ਵਿੱਚ ਇਸ ਗੱਲ ਦਾ ਪਰਚਾਰ ਕੀਤਾ ਕਿ ਕਿਰਤ ਕਮਾਈ ਅਤੇ ਆਪਣੇ ਹੱਕ ਦੀ ਕਮਾਈ ਨਾਲ ਦੀ ਕੋਈ ਰੀਸ ਨਹੀਂ ਹੈ।

ਪਰਾਇਆ ਹੱਕ ਖਾਣ ਵਾਲਿਆਂ ਲਈ ਉਸਨੇ ਕਿਹਾ ਕਿ :-

ਮੁਸਲਮਾਨਾਂ ਲਈ ਦੂਜੇ ਦਾ ਹੱਕ ਖਾਣਾ ਸੂਅਰ ਦਾ ਮਾਸ ਖਾਣ ਦੇ ਬਰਾਬਰ ਹੈ ਅਤੇ ਹਿੰਦੂਆਂ ਲਈ ਪਰਾਇਆ ਹੱਕ ਗਊ ਦਾ ਮਾਸ ਖਾਣ ਦੇ ਬਰਾਬਰ ਹੈ-

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ।।
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ।।
(ਪੰਨਾ ੧੪੧)

ਪਰਾਏ ਹੱਕ ਦੀ ਕਮਾਈ ਵਿਚੋਂ ਦਾਨ ਪੁੰਨ ਕਰਨ ਦਾ ਕੋਈ ਫਾਇਦਾ ਨਹੀਂ ਹੈ। ਸਾਧੂ ਸੰਤ ਵੀ ਤਾਂ ਹੀ ਮਦਦ ਕਰ ਸਕਣਗੇ ਜੇ ਕੋਈ ਪਰਾਏ ਹੱਕ ਰੂਪੀ ਮੁਰਦੇ ਦਾ ਮਾਸ ਨਾ ਖਾਵੇ।

ਭਲੇ ਪੁਰਸ਼ਾਂ ਦੀ ਇਹੋ ਨਿਸ਼ਾਨੀ ਹੁੰਦੀ ਹੈ ਕਿ ਉਹ ਦੂਜਿਆਂ ਨੂੰ ਦੁਖੀ ਦੇਖ ਕੇ ਲਹੂ ਦੇ ਅਥਰੂ ਵਗਾਉਂਦੇ ਹਨ। ਜ਼ਖਮੀ ਦਿਲਾਂ ਉੱਤੇ ਹਮਦਰਦੀ ਦੇ ਫਹੇ ਰੱਖਣ ਲਈ ਉਹ ਆਪਾ ਵਾਰਦੇ ਹਨ। ਜਿਹੜੇ ਲੋਕੀ ਦੂਜਿਆਂ ਦੀ ਸ਼ਰਾਫਤ ਦਾ, ਗਰੀਬੀ ਦਾ ਜਾਂ ਮਜ਼ਬੂਰੀ ਦਾ ਨਜਾਇਜ਼ ਫਾਇਦਾ ਲੈ ਕੇ ਆਪਣਾ ਘਰ ਭਰਨ ਦੀ ਕੋਸ਼ਿਸ਼ ਕਰਦੇ ਹਨ ਉਨ੍ਹਾਂ ਦੀਆਂ ਕਰਤੂਤਾਂ ਨੂੰ ਨੰਗਾ ਕਰਕੇ ਅਤੇ ਉਨ੍ਹਾਂ ਦਾ ਮੁਕਾਬਲਾ ਕਰਕੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਜਿਹੜੇ ਘਾਲਣਾ ਘਾਲਦੇ ਹਨ ਉਹ ਬਾਬੇ ਨਾਨਕ ਨੂੰ ਪਿਆਰੇ ਲੱਗਦੇ ਹਨ, ਅਕਾਲ ਪੁਰਖ ਨੂੰ ਪਿਆਰੇ ਲੱਗਦੇ ਹਨ। ਬਾਬੇ ਨਾਨਕ ਨੇ ਸਭ ਤੋਂ ਪਹਿਲਾਂ ਮਨੁੱਖੀ ਅਧਿਕਾਰਾਂ ਦੀ ਮੁਹਿੰਮ ਚਲਾਈ। ਅੱਜ ਜੇ ਅਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਲੀਹਾਂ ਉੱਤੇ ਚੱਲ ਕੇ ਮਨੁੱਖੀ ਅਧਿਕਾਰਾਂ ਲਈ ਲੜਾਂਗੇ ਤਾਂ ਅਸੀਂ ਜਿੰਦਗੀ ਦੀ ਬਾਜ਼ੀ ਜਿੱਤ ਲਵਾਂਗੇ। ਦੁਖੀਆਂ ਦੇ ਦਿਲਾਂ ਦਾ ਦਰਦ ਚੂਸ ਕੇ ਜਿਹੜੀ ਖੁਸ਼ੀ ਮਿਲਦੀ ਹੈ ਉਹੀ ਸੱਚੀ ਖੁਸ਼ੀ ਹੁੰਦੀ ਹੈ। ਮਨੁੱਖੀ ਅਧਿਕਾਰਾਂ ਨੂੰ ਪੈਰਾਂ ਵਿੱਚ ਲਤਾੜ ਕੇ ਲੋਕਾਂ ਨੂੰ ਰੁਆਉਣ ਵਾਲੇ ਲੋਕਾਂ ਦਾ ਰਾਹ ਰੋਕਣਾ ਹਰ ਇਨਸਾਨ ਦਾ ਧਰਮ ਹੈ। ooooo


www.AKJ.Org

# ਜੈਤਸਰੀ ਕੀ ਵਾਰ (੬)

(ਭਾਈ ਜੋਗਿੰਦਰ ਸਿੰਘ ਤਲਵਾੜਾ)

(ਲੜੀ ਜੋੜਨ ਲਈ ਦੇਖੋ 'ਸੂਰਾ' ਅਕਤੂਬਰ, ੯੬......)

ਸਲੋਕ

ਨਚ ਰਾਜ ਸੁਖ ਮਿਸਟੰ
ਨਚ ਭੋਗ ਰਸ ਮਿਸਟੰ
ਨਚ ਮਿਸਟੰ ਸੁਖ ਮਾਇਆ।।
ਮਿਸਟੰ ਸਾਧਸੰਗਿ ਹਰਿ ਨਾਨਕ
ਦਾਸ ਮਿਸਟੰ ਪ੍ਰਭ ਦਰਸਨੰ।।੧।।
ਲਗੜਾ ਸੋ ਨੇਹੁ
ਮੰਨ ਮਝਾਹੂ ਰਤਿਆ।।
ਵਿਧੜੋ ਸਚ ਥੋਕਿ
ਨਾਨਕ ਮਿਠੜਾ ਸੋ ਧਣੀ।।੨।।

ਉਚਾਰਣ :- ਨਚ-'ਨ' ਨਿਸ਼ੇਧ-ਵਾਚਕ ਪਦ ਹੈ ਅਤੇ 'ਚ' ਅਵਿਐ (Participle) ਹੈ। ਇਨ੍ਹਾਂ ਦੋਹਾਂ ਦਾ ਉਚਾਰਣ ਇਕੱਠਾ ਨਹੀਂ, ਥੋੜ੍ਹਾ ਫ਼ਰਕ ਰੱਖ ਕੇ ਕਰਨਾ ਚਾਹੀਏ। ਨੇਹੁ-ਅੰਤਲੇ 'ਹ' ਥਲੇ ਲਗਾ ਸੁਰ (_) ਵਿਆਕਰਣ ਅਨੁਸਾਰ ਇਕ-ਵਚਨ ਬੋਧਕ ਚਿੰਨ੍ਹ ਹੈ। ਇਸ ਦੀ ਆਪਣੀ ਨਿਸਚਿਤ ਹਰਸ੍ਵ ਧੁਨੀ ਹੈ, ਜੋ ਉਚਾਰਣ ਦਾ ਭਾਗ ਬਣਦੀ ਹੈ, ਪਰ ਸੂਖਮ ਰੂਪ ਵਿੱਚ ਹੀ, ਤਾਂ ਜੁ ਇਹ ਉਲਾਰ ਹੋ ਕੇ ਹੋੜੇ ਦੀ ਧੁਨੀ ਵਿੱਚ ਨਾ ਵਟੀਜੇ। ਰਤਿਆ (ਰੰਗਿਆ ਗਿਆ)-ਉਚਾਰਣ ਨਾਸਕਤਾ ਰਹਿਤ। ਮਝਾਹੂ (ਵਿੱਚ)-ਉਚਾਰਣ ਨਾਸਕੀ।

ਪਦ ਅਰਥ :- ਨਚ-ਨਾ ਹੀ ਹੈ। ਮਿਸਟੰ-ਮਿੱਠਾ। ਭੋਗ ਰਸ-ਭੋਗਾਂ ਦੇ ਰਸ (ਸੁਆਦ)। ਸਾਧ ਸੰਗਿ-ਸਾਧ ਸੰਗਤ ਵਿੱਚ। ਦਾਸ-(ਪ੍ਰਭੂ ਦੇ) ਦਾਸਾਂ ਨੂੰ।੧।

ਨੇਹੁ-ਪ੍ਰੇਮ। ਮੰਨ ਮਝਾਹੂ-ਮਨ ਅੰਦਰੋਂ, ਮਨ ਤੋਂ, ਮਨੋਂ। ਰਤਿਆ-ਰੰਗਿਆ ਗਿਆ। ਵਿਧੜੋ-ਪ੍ਰੋਤਾ ਗਿਆ। ਸਚ ਥੋਕਿ-ਸਦਾ ਥਿਰ ਨਾਮ-ਪਦਾਰਥ ਨਾਲ। ਧਣੀ-ਮਾਲਕ ਪ੍ਰਭੂ।੨।

ਅਰਥ :- ਨਾ ਤਾਂ ਮਿੱਠੇ ਹਨ ਰਾਜ ਤੇ ਸੁੱਖ, ਨਾ ਹੀ ਮਿੱਠੇ ਹਨ ਰਸੀਲੇ ਭੋਜਨਾਂ ਦੇ ਰਸ ਭੋਗ ਅਤੇ ਨਾ ਹੀ ਮਾਇਕ ਸੁੱਖ ਮਿੱਠੇ ਹਨ।

ਨਾਨਕ ! ਮਿੱਠੀ ਹੈ ਹਰੀ ਦੀ ਸਾਧ ਸੰਗਤ, ਜਿਸ ਵਿੱਚ (ਜੁੜ ਕੇ) ਦਾਸਾਂ ਨੂੰ ਮਿੱਠੇ ਪ੍ਰਭੂ ਦੇ ਦਰਸ਼ਨ-ਦੀਦਾਰ ਹੁੰਦੇ ਹਨ।੧।

ਜਿਸ ਮਨੁੱਖ ਨੂੰ ਮਿੱਠੇ ਪ੍ਰਭੂ ਦਾ ਉਹ (ਮਿੱਠਾ) ਪਿਆਰ ਲਗ ਗਿਆ, ਉਹ ਫਿਰ ਮਨੋਂ ਤਨੋਂ (ਪ੍ਰਭੂ ਦੇ ਪ੍ਰੇਮ ਰੰਗ ਵਿੱਚ) ਰੰਗਿਆ ਗਿਆ।

ਨਾਨਕ ! (ਜਿਸ ਮਨੁੱਖ ਦਾ) ਮਨ ਸਦਾ ਥਿਰ ਰਹਿਣ ਵਾਲੇ ਨਾਮ-ਪਦਾਰਥ ਵਿਚ ਪ੍ਰੋਤਾ ਗਿਆ, ਉਸ ਨੂੰ ਉਹ ਮਾਲਕ-ਪ੍ਰਭੂ ਹੀ ਮਿੱਠਾ ਲੱਗਦਾ ਹੈ (ਹੋਰ ਕੁੱਝ ਨਹੀਂ)।੨।

ਪਉੜੀ

ਹਰਿ ਬਿਨੁ ਕਛੂ ਨ ਲਾਗਈ ਭਗਤਨ ਕਉ ਮੀਠਾ।।
ਆਨ ਸੁਆਦ ਸਭਿ ਫੀਕਿਆ ਕਰਿ ਨਿਰਨਉ ਡੀਠਾ।।
ਅਗਿਆਨੁ ਭਰਮੁ ਦੁਖੁ ਕਟਿਆ ਗੁਰ ਭਏ ਬਸੀਠਾ।।
ਚਰਨ ਕਮਲ ਮਨੁ ਬੇਧਿਆ ਜਿਉ ਰੰਗੁ ਮਜੀਠਾ।।
ਜੀਉ ਪ੍ਰਾਣ ਤਨੁ ਮਨੁ ਪ੍ਰਭੂ ਬਿਨਸੇ ਸਭਿ ਝੂਠਾ।।੧੧।।

ਉਚਾਰਣ :- ਫੀਕਿਆ-(ਫੀਕੇ + ਆ, ਫਿਕੇ ਹਨ) ਉਚਾਰਣ ਨਾਸਕਤਾ ਰਹਿਤ।

ਪਦ ਅਰਥ :- ਕਛੂ-ਕੁਝ ਵੀ। ਨ ਲਾਗਈ-ਨਹੀਂ ਲਗਦਾ। ਆਨ-ਹੋਰ। ਸਭਿ-ਸਾਰੇ। ਫੀਕਿਆ-ਫਿਕੇ ਹਨ। ਨਿਰਨਉ-ਨਿਰਣਾ, ਵਿਚਾਰ। ਬਸੀਠਾ-ਵਿਚੋਲੇ। ਚਰਨ ਕਮਲ-ਕਮਲ ਫੁਲ ਵਰਗੇ ਚਰਨ। ਬੇਧਿਆ-ਵਿੰਨ੍ਹਿਆ ਗਿਆ ਹੈ। ਰੰਗੁ ਮਜੀਠਾ-ਮਜੀਠ ਦਾ (ਪੱਕਾ) ਰੰਗ। ਜੀਉ-ਆਤਮਾ। ਸਭਿ ਝੂਠਾ-ਸਾਰੇ (ਮਾਇਕੀ ਪਦਾਰਥ) ਝੂਠ (ਨਾਸਵੰਤ) ਹਨ।

ਅਰਥ :- (ਪ੍ਰਭੂ ਦੀ ਭਗਤੀ ਕਰਨ ਵਾਲੇ) ਭਗਤਾਂ ਨੂੰ ਪ੍ਰਭੂ ਤੋਂ ਬਗੈਰ ਕੁੱਝ ਵੀ ਮਿੱਠਾ ਨਹੀਂ ਲੱਗਦਾ।

ਉਨ੍ਹਾਂ ਨੇ ਨਿਰਣਾ (ਨਿਖੇੜਾ) ਕਰ ਕੇ ਵੇਖ ਲਿਆ ਹੁੰਦਾ ਹੈ ਕਿ ਹੋਰ ਸਾਰੇ ਚਸਕੇ ਫਿੱਕੇ ਹਨ।

(ਕਿਉਂਕਿ) ਗੁਰੂ ਜੀ ਉਨ੍ਹਾਂ ਦੇ ਵਿਚੋਲੇ ਹੋ ਗਏ ਅਤੇ ਉਨ੍ਹਾਂ ਦਾ ਸੰਸਾ, ਅੰਨ੍ਹੇਰਾ ਅਤੇ ਦੁਖ ਸਾਰਾ ਕਟਿਆ ਗਿਆ।

ਉਨ੍ਹਾਂ ਦਾ ਮਨ ਪ੍ਰਭੂ ਦੇ ਕਮਲ ਵਰਗੇ ਚਰਨਾਂ ਵਿਚ ਪ੍ਰੋਤਾ (ਲੀਨ ਹੋ) ਗਿਆ, (ਫਿਰ ਵਿਛੜਦਾ ਨਹੀਂ), ਜਿਵੇਂ ਮਜੀਠ ਦਾ (ਪੱਕਾ) ਰੰਗ (ਕੱਪੜੇ ਤੇ ਚੜ੍ਹਿਆ ਉਤਰਦਾ ਨਹੀਂ)।

(ਉਨ੍ਹਾਂ ਵਾਸਤੇ) ਜੀਵਾਤਮਾ (ਜਿੰਦ), ਪ੍ਰਾਣ, ਤਨ ਅਤੇ ਮਨ (ਭਾਵ ਇਹ ਸਭ ਕੁਝ) ਪ੍ਰਭੂ ਹੀ ਹੈ, (ਪ੍ਰਭੂ ਤੋਂ ਬਗੈਰ) ਹੋਰ ਸਾਰੇ ਮਾਇਕੀ ਪਦਾਰਥ ਝੂਠੇ (ਨਾਸਵੰਤ) ਹਨ, (ਮਾਇਕੀ ਪਦਾਰਥਾਂ ਦਾ ਮੋਹ) ਉਹਨਾਂ ਦੇ ਮਨ ਤੋਂ ਨਾਸ ਹੋ ਜਾਂਦਾ ਹੈ।੧।

ਸਲੋਕ।।

ਤਿਅਕਤ ਜਲੰ ਨਹ ਜੀਵ ਮੀਨੰ



www.AKJ.Org

ਨਹ ਤਿਆਗਿ ਚਾਤ੍ਰਿਕ ਮੇਘ ਮੰਡਲਹ॥
ਬਾਣ ਬੇਧੰਚ ਕੁਰੰਕ ਨਾਦੰ
ਅਲਿ ਬੰਧਨ ਕੁਸਮ ਬਾਸਨਹ॥
ਚਰਨ ਕਮਲ ਰਚੰਤਿ ਸੰਤਹ
ਨਾਨਕ ਆਨ ਨ ਰੁਚਤੇ॥੧॥
ਮੁਖੁ ਡੇਖਾਊ ਪਲਕ
ਛਡਿ ਆਨ ਨ ਡੇਊ ਚਿਤੁ॥
ਜੀਵਣ ਸੰਗਮੁ ਤਿਸੁ ਧਣੀ
ਹਰਿ ਨਾਨਕ ਸੰਤਾਂ ਮਿਤੁ॥੨॥

**ਉਚਾਰਣ :-** ਨਹ, ਮੰਡਲਹ, ਬਾਸਨਹ, ਸੰਤਹ-ਇਨ੍ਹਾਂ ਸਾਰੇ ਸ਼ਬਦਾਂ ਦਾ ਅੰਤਲਾ 'ਹ' ਮੁਕਤਾ ਹੈ। 'ਹ' ਦਾ ਉਚਾਰਣ 'ਹਿ' ਵਾਂਗ ਕਰਨਾ ਦਰੁਸਤ ਨਹੀਂ।

**ਪਦ ਅਰਥ :-** ਤਿਅਕਤ-ਛਡਿਆਂ। ਮੀਨੰ-ਮੱਛੀ। ਤਿਆਗਿ-ਛਡ ਕੇ। ਚਾਤ੍ਰਿਕ-ਪਪੀਹਾ। ਮੇਘ ਮੰਡਲਹ -ਬੱਦਲਾਂ ਦੀਆਂ ਘਟਾਂ। ਬਾਣ-ਤੀਰਾਂ ਨਾਲ। ਬੇਧੰਚ-ਵਿੰਨ੍ਹਿਆ ਜਾਂਦਾ ਹੈ। ਕੁਰੰਕ-ਹਿਰਨ। ਨਾਦੰ-ਘੰਡੇ ਹੇੜੇ ਦਾ ਰਾਗ। ਅਲਿ-ਭੌਰਾ। ਬੰਧਨ-ਫਸਦਾ ਹੈ। ਕੁਸਮ ਬਾਸਨਹ-ਕਮਲ ਫੁੱਲ ਦੀ ਵਾਸ਼ਨਾ। ਰਚੰਤਿ-ਰਚੇ ਰਹਿੰਦੇ ਹਨ। ਸੰਤਹ-ਸੰਤ (ਬਹੁ-ਵਚਨ)। ਆਨ-ਕਿਸੇ ਹੋਰ ਵਿੱਚ। ਨ ਰੁਚਤੇ-ਇੱਛਾ ਨਹੀਂ ਕਰਦੇ।੧।

ਡੇਖਾਊ-ਜੇ ਵਿਖਾ ਦੇਵੇ। ਪਲਕ-ਅੱਖ ਫਰਕਣ ਦੇ ਸਮੇਂ ਲਈ। ਨ ਡੇਊ-ਨਹੀਂ ਦੇਵੇਗਾ। ਜੀਵਣ ਸੰਗਮੁ -ਜੀਵਨ ਦਾ ਜੋੜ। ਧਣੀ-ਮਾਲਕ ਪ੍ਰਭੂ।੨।

**ਅਰਥ :-** ਪਾਣੀ ਨੂੰ ਛੱਡ ਕੇ ਮੱਛੀ ਜੀਊਂਦੀ ਨਹੀਂ ਰਹਿ ਸਕਦੀ, ਮੇਘ-ਮੰਡਲਾਂ (ਬੱਦਲਾਂ ਦੀਆਂ ਘਟਾਂ) ਨੂੰ ਛੱਡ ਕੇ ਪਪੀਹਾ ਨਹੀਂ ਜੀਊ ਸਕਦਾ।

ਨਾਦ (ਘੰਡੇ ਹੇੜੇ ਦੇ ਰਾਗ) ਦਾ ਵਿੰਨ੍ਹਿਆ (ਮੋਹਿਆ) ਹਿਰਨ (ਭਾਵੇਂ ਸ਼ਿਕਾਰੀ ਦੇ) ਤੀਰਾਂ ਨਾਲ ਵਿੰਨ੍ਹਿਆ ਜਾਂਦਾ ਹੈ (ਪਰ ਨਾਦ ਨਹੀਂ ਛਡ ਸਕਦਾ), ਕਮਲ ਫੁੱਲ ਦੀ ਵਾਸ਼ਨਾ ਦਾ ਮੋਹਿਆ ਹੋਇਆ ਭੌਰਾ ਆਪਣੇ ਆਪ ਨੂੰ ਕਮਲ ਵਿੱਚ ਹੀ ਸੰਪਟ ਕਰ (ਫਸਾ) ਲੈਂਦਾ ਹੈ।

ਨਾਨਕ ! ਏਸੇ ਤਰ੍ਹਾਂ ਸੰਤ ਜਨ ਪ੍ਰਭੂ ਦੇ ਕਮਲ ਵਰਗੇ ਚਰਨਾਂ ਵਿੱਚ ਲੀਨ ਰਹਿੰਦੇ ਹਨ। ਉਹ (ਪ੍ਰਭੂ ਨੂੰ ਛੱਡ ਕੇ) ਕਿਸੇ ਹੋਰ ਦੀ ਰੁਚੀ (ਇੱਛਾ) ਨਹੀਂ ਕਰਦੇ।੧।

(ਸੱਚੇ ਸੰਤ ਦੀ ਇਹ ਸੱਚੀ ਪ੍ਰੀਤ-ਰੀਤ ਹੁੰਦੀ ਹੈ ਕਿ) ਜੇ (ਪ੍ਰਭੂ) ਇਕ ਪਲਕ ਮਾਤ੍ਰ ਸਮੇਂ ਲਈ ਮੁਖਾਰਬਿੰਦ ਵਿਖਾ ਦੇਵੇ, ਤਾਂ (ਪ੍ਰਭੂ ਨੂੰ) ਛੱਡ ਕੇ ਉਹ ਕਿਸੇ ਹੋਰ ਨੂੰ ਆਪਣਾ ਮਨ ਨਹੀਂ ਦੇਵੇਗਾ (ਭਾਵ, ਕਿਸੇ ਹੋਰ ਨਾਲ ਪ੍ਰੀਤ ਨਹੀਂ ਪਾਵੇਗਾ)।

ਨਾਨਕ ! ਹਰੀ-ਪ੍ਰਭੂ ਸੰਤਾਂ ਦਾ ਸੱਚਾ ਮਿੱਤਰ ਹੈ, (ਏਸੇ ਲਈ ਸੰਤਾਂ ਦਾ) ਜੀਵਨ ਜੋੜ ਉਸ ਪ੍ਰਭੂ ਨਾਲ ਹੀ ਬਣਦਾ ਹੈ।੨।

ਪਉੜੀ॥

ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥
ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥
ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥
ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥
ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥੧੨॥

**ਉਚਾਰਣ :-** ਹੇਠ ਲਿਖੇ ਸ਼ਬਦਾਂ ਦਾ ਉਚਾਰਣ ਨਾਸਕੀ ਹੈ। ਇਨ੍ਹਾਂ ਦੇ ਅਰਥ ਨਾਲ ਦਿੱਤੇ ਹੋਏ ਹਨ :

ਜਿਉ-ਜਿਵੇਂ। ਕਿਉ (ਕਰਿ)-ਕਿਵੇਂ। ਤਿਉ-ਤਿਵੇਂ।

**ਪਦ ਅਰਥ :-** ਬੂੰਦ-ਬੱਦਲ ਦੀ ਸਵਾਂਤੀ ਬੂੰਦ। ਵਿਹੂਣਾ-ਸਖਣਾ। ਚਾਤ੍ਰਿਕੋ-ਪਪੀਹਾ। ਤ੍ਰਿਪਤਾਵੈ-ਰੱਜ ਸਕਦਾ ਹੈ। ਨਾਦ-ਘੰਡੇ ਹੇੜੇ ਦੀ ਆਵਾਜ਼। ਕੁਰੰਕਹਿ -ਹਿਰਨ ਨੂੰ। ਬੇਧਿਆ-ਵਿੰਨ੍ਹ (ਮੋਹ) ਲਿਆ। ਸਨਮੁਖ-ਸਾਹਮਣੇ (ਨਾਦ ਵੱਲ)। ਉਠਿ ਧਾਵੈ-ਉਠ ਦੌੜਦਾ ਹੈ। ਭਵਰੁ-ਭੌਰਾ। ਲੋਭੀ-ਚਾਹਵਾਨ, ਮੁਤਲਾਸ਼ੀ। ਕੁਸਮ ਬਾਸੁ ਕਾ-ਫੁੱਲ ਦੀ ਵਾਸ਼ਨਾ ਦਾ। ਆਪੁ ਬੰਧਾਵੈ-ਆਪਣੇ ਆਪ ਨੂੰ ਫਸਾ ਲੈਂਦਾ ਹੈ। ਅਘਾਵੈ-ਰੱਜ ਜਾਂਦਾ ਹੈ।

**ਅਰਥ :-** ਜਿਵੇਂ ਮੱਛੀ ਪਾਣੀ ਤੋਂ ਬਗੈਰ ਜਿਉਂਦੀ ਕਿਵੇਂ ਰਹਿ ਸਕਦੀ ਹੈ ?

ਜਿਵੇਂ ਬੱਦਲੀ ਦੀ ਸਵਾਂਤੀ ਬੂੰਦ ਤੋਂ ਵਾਂਝਾ ਪਪੀਹਾ ਕਿਵੇਂ ਰੱਜ ਸਕਦਾ ਹੈ ?

(ਜਿਵੇਂ) ਹਿਰਨ (ਘੰਡੇ ਹੇੜੇ ਦੀ) ਆਵਾਜ਼ ਦਾ ਮੋਹਿਆ ਹੋਇਆ (ਸ਼ਿਕਾਰੀ ਦੇ ਤੀਰਾਂ ਦੀ ਪਰਵਾਹ ਨਾ ਕਰਦਾ ਹੋਇਆ) ਸਿੱਧਾ ਆਵਾਜ਼ ਵਲ ਵਾਹੋ-ਦਾਹੀ ਉਠ ਦੌੜਦਾ ਹੈ।

(ਜਿਵੇਂ) ਕਮਲ ਫੁੱਲ ਦੀ ਸੁਗੰਧੀ ਦਾ ਮੁਤਲਾਸ਼ੀ (ਚਾਹਵਾਨ) ਭੌਰਾ (ਫੁੱਲ ਨਾਲ) ਮਿਲ ਕੇ (ਸੁਗੰਧੀ ਵਿੱਚ ਗਲਤਾਨ ਹੋਇਆ) ਉਸ ਵਿੱਚ ਆਪਣੇ ਆਪ ਨੂੰ ਫਸਾ ਲੈਂਦਾ ਹੈ।

ਤਿਵੇਂ ਹੀ ਸੰਤ ਜਨਾਂ ਦੀ ਆਪਣੇ ਪ੍ਰਭੂ ਨਾਲ ਤੀਬਰ ਪ੍ਰੀਤ ਹੁੰਦੀ ਹੈ। (ਉਨ੍ਹਾਂ ਦਾ ਮਨ ਪ੍ਰਭੂ ਦਾ) ਦੀਦਾਰ ਕਰ ਕੇ ਰੱਜ ਜਾਂਦਾ ਹੈ।੧੨। ੦੦੦੦੦



www.AKJ.Org

# ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਤੇ ਅਸੀਂ

(ਸ਼ਰਨ ਕੌਰ, ਅਮਰੀਕਾ)

ਗੁਰੂ ਦੇ ਸਿੱਖਾਂ ਦੀ ਖਾਹਿਸ਼ ਹੁੰਦੀ ਹੈ ਕਿ ਘਰ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਵੇ।

ਅਮਰੀਕਾ (U. S. A.) ਤੇ ਹੋਰ ਦੇਸ਼ਾਂ ਵਿਦੇਸ਼ਾਂ ਵਿੱਚ ਜਿਹੜੇ ਰਹਿੰਦੇ ਹਨ, ਕੁੱਝ ਘਰਾਂ ਨੇ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਰੱਖੀਆਂ ਹੋਈਆਂ ਹਨ। ਕਈਆਂ ਨੇ ਕਮਰੇ ਵੱਖਰੇ ਬਣਾਏ ਹੋਏ ਹਨ। ਸਵੇਰੇ ਪਾਲਕੀ ਜਾਂ ਚੌਕੀ ਤੇ ਸੁਹਣੇ ਰੁਮਾਲੇ ਪਾ ਕੇ ਪ੍ਰਕਾਸ਼ ਕੀਤਾ ਜਾਂਦਾ ਹੈ, ਸ਼ਾਮ ਨੂੰ ਸੁਖਆਸਨ ਕੀਤਾ ਜਾਂਦਾ ਹੈ।

ਬਹੁਤ ਘਰ ਹਨ ਜਿਨ੍ਹਾਂ ਪਾਸ ਜਗ੍ਹਾ ਥੋੜ੍ਹੀ ਹੋਣ ਕਰਕੇ ਪ੍ਰਕਾਸ਼ ਕਰਕੇ ਤੇ ਉਸੇ ਵਕਤ ਅਲਮਾਰੀ ਵਿੱਚ ਸੁਖਆਸਨ ਕਰਕੇ ਰੱਖ ਦੇਂਦੇ ਹਨ। ਕਈ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਰੱਖ ਤਾਂ ਲੈਂਦੇ ਹਨ ਪਰ ਰੋਜ਼ ਪ੍ਰਕਾਸ਼ ਨਹੀਂ ਕਰਦੇ।

ਬਹੁਤ ਸਾਰੇ ਅਸੀਂ ਹਾਂ, ਜਿਹੜੇ ਬਾਬਾ ਜੀ ਦੀ ਬੀੜ ਨੂੰ ਥੱਲੇ ਬੇਸਮੈਂਟ ਵਿੱਚ ਰੱਖ ਦੇਂਦੇ ਹਾਂ ਕਿਉਂਕਿ ਉੱਪਰ ਕੋਈ ਕਮਰਾ ਫਾਲਤੂ ਨਹੀਂ ਹੁੰਦਾ। ਸਾਡੇ ਬੱਚਿਆਂ ਨੂੰ ਵੱਖਰੇ ਕਮਰੇ ਚਾਹੀਦੇ ਹਨ, ਪ੍ਰਾਹੁਣਿਆਂ ਲਈ ਜਗ੍ਹਾ ਚਾਹੀਦੀ ਹੈ, ਇਸ ਕਰਕੇ ਜਿਹੜੀ ਕੋਈ ਫਾਲਤੂ ਜਗ੍ਹਾ ਹੋਵੇ ਕਿਸੇ ਗੁੱਠੇ, ਉਥੇ ਬਾਬਾ ਜੀ ਨੂੰ ਰੱਖ ਦੇਂਦੇ ਹਾਂ।

ਕਈ ਵਾਰੀ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਅਲਮਾਰੀ ਵਿੱਚ ਰੱਖਦੇ ਹਾਂ, ਨਾਲ ਹੀ ਸ਼ਰਾਬ ਦੀਆਂ ਬੋਤਲਾਂ ਪਈਆਂ ਹੁੰਦੀਆਂ ਹਨ ਜਾਂ ਹੋਰ ਕੋਈ ਘਰ ਦਾ ਸਾਮਾਨ ਪਿਆ ਹੁੰਦਾ ਹੈ। ਕਈ ਵਾਰੀ ਉੱਪਰ ਬਾਬਾ ਜੀ ਦੀ ਬੀੜ ਪਈ ਹੁੰਦੀ ਹੈ ਅਤੇ ਥੱਲੇ ਅਲਮਾਰੀ ਵਿੱਚ ਜੁੱਤੀਆਂ ਪਈਆਂ ਹੁੰਦੀਆਂ ਹਨ, ਇਹ ਬੜੀ ਬੇਅਦਬੀ ਹੈ। ਜੇ ਥੱਲੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਪਈ ਹੋਵੇ, ਉੱਪਰ ਅਸੀਂ ਤੁਰਦੇ ਫਿਰਦੇ ਰਹੀਏ, ਉਹ ਠੀਕ ਨਹੀਂ ਹੈ।

ਸਿੱਖਾਂ ਲਈ ਦਸਾਂ ਗੁਰੂਆਂ ਤੋਂ ਬਾਅਦ ਗੁਰ ਗੱਦੀ ਤੇ ਗੁਰੂ ਗ੍ਰੰਥ ਸਾਹਿਬ ਜੀ ਬਿਰਾਜਮਾਨ ਹਨ। ਅਸੀਂ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਦੇ ਹਾਂ।

ਸਾਡੀ ਕੋਸ਼ਿਸ਼ ਇਹੀ ਹੋਣੀ ਚਾਹੀਦੀ ਹੈ ਕਿ ਸਭ ਤੋਂ ਉੱਪਰ ਜਗ੍ਹਾ ਬਣਾ ਲਈ ਜਾਵੇ, ਸਾਫ਼ ਸੁੱਥਰੀ, ਜਿਤਨੀ ਪਵਿੱਤਰਤਾ ਤੇ ਮਾਨਤਾ ਦਾ ਧਿਆਨ ਰੱਖ ਸਕਦੇ ਹੋਈਏ ਰੱਖੀਏ, ਖਾਸ ਕਰਕੇ ਨੰਗੇ ਸਿਰ, ਜੁੱਤੀ ਲੈ ਕੇ ਜਾਣਾ, ਹੱਥ ਧੋਤੇ ਬਿਨਾਂ ਜਾਣਾ, ਬਾਬਾ ਜੀ ਵੱਲ ਲੱਤਾਂ ਕਰਨੀਆਂ ਆਦਿ ਠੀਕ ਨਹੀਂ।

ਦੇਸ਼ਾਂ ਵਿਦੇਸ਼ਾਂ ਵਿੱਚ ਬਹੁਤ ਜਗ੍ਹਾ ਗੁਰਦੁਵਾਰੇ ਬਣਾਏ ਗਏ ਹਨ, ਬਹੁਤ ਸੁਹਣੇ ਤੇ ਬੜੇ ਅੱਛੇ ਢੰਗ ਨਾਲ। ਕਈ ਜਗ੍ਹਾ ਤੇ ਦੋ ਦੋ ਤਿੰਨ ਤਿੰਨ ਭੀ ਹਨ। ਜਦੋਂ ਉਨ੍ਹਾਂ ਦੇ ਮੈਨਜਮੈਂਟ ਦਾ ਵਕਤ ਆਂਦਾ ਹੈ ਤਾਂ ਉਥੇ ਅਸੀਂ ਹਰ ਜਗ੍ਹਾ ਤੇ ਚੌਧਰੀ ਪੈਂਚ ਬਣਨਾ ਚਾਹੁੰਦੇ ਹਾਂ।

ਹਉਮੈ ਸਾਡੇ ਅੰਦਰ ਭਰੀ ਹੋਈ ਹੈ। ਅਸੀਂ ਕਹਿੰਦੇ ਹਾਂ ਮੈਂ ਅਹਿ ਕੀਤਾ ਮੈਂ ਔਹ ਕੀਤਾ, ਮੈਂ ਨਾ ਹੁੰਦਾ ਤਾਂ ਇਹ ਕੰਮ ਹੋ ਹੀ ਨਹੀਂ ਸਕਣਾ ਸੀ। ਕੁਰਸੀਆਂ ਪਿਛੇ ਚੌਧਰੀ ਬਣਨ ਪਿਛੇ ਬਾਬਾ ਜੀ ਦੀ ਹਜ਼ੂਰੀ ਵਿੱਚ ਲੜਨ ਲੱਗ ਪੈਂਦੇ ਹਾਂ। ਝੂਠ ਬੋਲਦੇ ਹਾਂ ਤੇ ਇੱਕ ਦੂਜੇ ਦੀਆਂ ਪੱਗਾਂ ਲਾਹਣੀਆਂ, ਕਿਰਪਾਨਾਂ ਚਲਾਣੀਆਂ ਸ਼ੁਰੂ ਕਰ ਦੇਂਦੇ ਹਾਂ। ਸਾਡੇ ਅੰਦਰ ਇਤਨੀ ਈਰਖਾ, ਕ੍ਰੋਧ ਹੈ। ਫਿਰ ਪੁਲੀਸ ਆ ਜਾਂਦੀ ਹੈ, ਕਚਿਹਰੀ ਜਾਣ ਨੂੰ ਤਿਆਰ ਹੋ ਜਾਂਦੇ ਹਾਂ, ਪੁਲੀਸ ਜੁੱਤੀਆਂ ਪਾ ਕੇ ਸਾਡੇ ਗੁਰਦੁਆਰਿਆਂ ਵਿੱਚ ਚੱਲੀ ਜਾਂਦੀ ਹੈ। ਇਹ ਬੇਅਦਬੀ ਭੀ ਅਸੀਂ ਹੀ ਕਰਾਂਦੇ ਹਾਂ। ਉਸ ਵਕਤ ਅਸੀਂ ਭੁੱਲ ਜਾਂਦੇ ਹਾਂ ਕਿ ਅਸੀਂ ਬਾਬਾ ਜੀ ਪਾਸ ਬੈਠਕੇ, ਬਾਬਾ ਜੀ ਦੀ ਹਜ਼ੂਰੀ ਵਿੱਚ ਕੀ ਪਏ ਕਰਦੇ ਹਾਂ। ਇਹ ਅੱਜ ਕੱਲ੍ਹ ਆਮ ਦੇਸ਼ਾਂ ਵਿਦੇਸ਼ਾਂ ਦੇ ਗੁਰਦਵਾਰਿਆਂ ਵਿੱਚ ਹੋ ਰਿਹਾ ਹੈ, ਤੇ ਵੇਖਣ ਸੁਣਨ ਵਿੱਚ ਆਂਦਾ ਹੈ।

ਅਸੀਂ ਦੇਸ਼ਾਂ ਵਿੱਚ ਤਾਂ ਇਹ ਤਮਾਸ਼ੇ, ਅਪਮਾਨ ਕਰਦੇ ਹਾਂ। ਗੁਰੂ ਜੀ ਦੀ ਹਜ਼ੂਰੀ ਵਿੱਚ ਬੈਠਕੇ, ਪਰ ਵਿਦੇਸਾਂ ਵਿੱਚ ਭੀ ਰਹਿਕੇ ਸਾਡਾ ਹਾਲ ਉਹੀ ਹੈ, ਜਿਹੜਾ ਕਿ ਦੇਸ਼ਾਂ ਵਿੱਚ ਸੀ। ਵਿਦੇਸ਼ਾਂ ਵਿੱਚ ਰਹਿ ਕੇ ਵਿਦੇਸ਼ੀਆਂ ਨੂੰ ਭੀ ਇਹ ਤਮਾਸ਼ੇ ਦਿਖਾਂਦੇ ਹਾਂ। ਪੁਲੀਸ ਨੂੰ ਗੁਰਦਵਾਰਿਆਂ ਵਿੱਚ ਜੁੱਤੀਆਂ ਪਾ ਕੇ ਅੰਦਰ ਨਾ ਆਣ ਦੇਈਏ ਤੇ ਸਿਗਰਟ ਨਾ ਪੀਣ ਦੇਈਏ। ਅਸੀਂ ਇਨ੍ਹਾਂ ਨੂੰ ਦਿਖਾਂਦੇ ਹਾਂ ਕਿ ਅਸੀਂ ਆਪਣੇ ਗੁਰੂ ਦਾ ਕਿਤਨਾ ਸਤਿਕਾਰ ਕਰਦੇ ਹਾਂ। ਇਹ ਹਨ ਸਾਡੇ

(ਬਾਕੀ ਪੰਨਾ ੩੨ ਤੇ.......)



www.AKJ.Org

# SIKHS AND TEMPLES

(Prof. Teja Singh)

To Sikhs, even more important than the associations are their temples which have played a great part in their history. So much of their history is taken up with either founding of temples or their protection against different kinds of aggressors.The sikh prayer, in which the most stirring events of sikh history are daily recounted, grows most eloquent when reference is made to the brave heroes who suffered martyrdom for the sake of the temples. Much of the daily religious discourse turns on the labours of the devout sikhs like Bhai Budha, Bhai Bhagtu, Bhai Behlo, Bhai Kalyana and thousands of others in connection with the excavation of sacred tanks or the collection of material for the raising of temples; or it expatiates on the sufferings borne by the Sikhs, like Bhai Mehtab Singh and Baba Dip Singh in their attempts to rescue their temples from the rulers or the immoral priests. Sometimes it is a Massa Ranghar and sometimes a Sarbrah but the story is always the same. To tell the truth, the freedom of their temples has always been the measure of the Sikhs' freedom or prosperity.

During the days of persecution when the Sikhs were living in a forced exile outside the Punjab, their temples had come into the charge of certain monastic orders or those who professed Sikhism but did not conform to its outward symbols. The prominent Gurdwaras were made the chief mark of hostility by the enemy. When Taimur, the son of Ahmad Shah Abdali, took charge of the Punjab in 1757, the first thing he did was to destory the Amritsar temples and fill up the sacred tank.

This enraged the Sikhs, as nothing else had enraged them before, and when in 1758 under two Jassa Singhs they won complete victory over the Afghans, the first thing they did was to restore the temple and the tank. When the Durrani came again in 1762, in his zeal to root out the Sikhs, he again demolished the temple, polluted the sacred tanks with the blood of cows, and took away the Holy Book to Kabul. But the sikhs rose again, strong as ever, and restored the temple in 1763. Similarly in Delhi a mosque had been erected on the spot where the body of Guru Tegh Bahadur, executed by the orders of Aurangzeb, was burnt. When however, Sardar Baghel Singh of the Karorsinghia Missal got control over Delhi, he used his authority only to raise temples over he places sacred to the memory of Guru Tegh Bahadur, Guru HarKrishan, Mata Sahib Kaur and Mata Sundri, and then he retired.

With the establishment of a centralised Sikh Government, the security and splendour of the temples was ensured. Magnificent Jagirs were added to them. All the wealth of art was lavished on their buildings and their equipments, and richest offerings suited to the taste of a ruling people began to pour in from all directions. Once a beautiful conopy decked with gems and jewels, was presented to Maharaja Ranjit Singh. When he stepped towards the royal chair placed underneath



www.AKJ.Org

it , he was so greatly impressed by the beauty of the workmanship that he exclaimed: "Oh ! take it to the Golden Temple. The Guru alone deserves such a precious thing." That conapy was preserved in the Golden Temple treasury. There is another story showing how the most valuable things were considered worthy of the Sacred Temple only. At the marriage of prince Nau Nihal Singh, the gardson of Maharaja Ranjit Singh, when a garland of pearls worth lakhs was brouhgt to him to wear, he said that it was too good for him and at once sent it away to the Golden Temple, where it is still exhibited in Jalau on certain ceremonial occasions, All this interest, however, was shown on the ornamental side of Sikhism, and no intelligent attempt was made to preserve the purity of the ritual, which was likely to grow currupt as soon as the sikh influence lifted off.

In the days of the Gurus, the temples were supervised by the local sangats in the Guru's name, or by masands, who were appointed by the Guru himself and who, according to the Dabistan, worked for their living and did not receive any pecuniary help unless they happened to be very poor or were found incapable of helping themselves. They were punished and their order was abolished by the Tenth Guru, when they became corrupt. This wholesome tradition was kept up even after the Tenth Guru, when the panth it self, as the Guru incorporate, became self-governing. The income of the temple was not permanent and being very small, hardly sufficient to maintain the incumbents, there was no temptation for them to grow corrupt or defy the congregations. Besides, the offering of money was looked upon by the incumbents as poisonous and was spent on the free kitchens invariably attached to the temples or in some other way beneficial to the sangat.

There are many examples of Sikh preachers. who refu'sed to accept jagirs. Bhai Lakha Singh refused to accept the patta of the pargana of Sujanpur granted to him by sardar Amar Singh Baba in 1764. Bhai Bhagat Singh refused to accept the grant of seven villages made by sardar Sada Singh. Bhai Sada Singh refused the pargana of Mirpur granted to him by Sardar Gujar Singh of Gujrat. Maharaja Ranjit Singh in recongnition of his service to the Panth, made a grant of land near the Akhara of Santokh Das to Pandit Nihal Singh who had translated the Japji into Sanscrit. The Pandit tore up the patta in the presence of the Maharaja and refused to see him in future. The name of the Bhais Dargah Singh, Jai Singh, Thakur Dayal Singh etc., are worthy of mention in the same category.

Even when they accept any permanent source of income as a charitable endowment the priest were kept straight in their conduct by the influence of sangats. There are instances of changes made not only in the management but also in the control of Gurdwaras. The Golden Temple of Amritsar and the Gurdwara of Anandpur, Gandiwind and Hafizabad were once in the hands of Udasis, but when the Sikh sangats



www.AKJ.Org

thought it fit they removed the Udasi priests and appointed Singhs instead. Similar changes were made from time to time in other place also.

But with the establishment of the British Goverment the situation was entirely changed. The central Sikh temples at Amirtsar and Tarn Taran gradually passed into the hands of Goverment. The new law made the position of the Mahants as priests virtually as independet as that of person owning private property. The law as amended later, did provide in a case of the misuse of trust that any two or more persons interested in the affair with the consent of the advocate General (Section 92 of the G. P. C.) or the Collecter (Section 93 of the G. P. C.) could bring the matter to court. But this provision was hedged round with so many restrictions in favour of the incumbent who enjoyed great influence on account of his riches, and the whole procedure was so lengthy and expensive that it could be rarely availed of. The Mahants began with impunity to sell off the lands and property attached to the temples and to squander the income on drinking and loose-living. In many cases, with the connivance of authorities, they got the Gurdwara properties entered in their own names and became their masters.

They could defy the Sikh Sangats with impunity not only in the matter of disbursing the income of jagirs, but also in the observance of ceremony and ritual. Those who had no other source of income except the daily offerings could not dispence with the congregations, but here, too, the sikh control being absent, they began to adopt the ritual to the inclination of the people who formed a majority in the congregation. The extent of this mischief may be measured from the fact that the Sikhs form a majority nowhere in cities. In the central Gurdwaras at Amritsar and Tarn Taran the Manager and the priests were secure against any check from the public and could introduce any changes they liked in those temples. Many superstitions and corrupt practices begain to prevail, first unobserved and then in defiance of the Sikh sentiment. Idols were set up and openly worshipped in the percinct. Thieves and rogues began to haunt these places with impunity. The worst of it all was that these places being the premier temples, their example came to be followed everywhere else.

OOOOO

(ਪੰਨਾ ੨੯ ਦਾ ਬਾਕੀ.......)

ਪਖੰਡ, ਫਰੇਬ, ਭੇਖ, ਝੂਠ, ਦਿਖਾਵਾ, ਗੁਰੂ ਨੂੰ ਧੋਖਾ ਦੇਂਦੇ ਹਾਂ।

ਬਾਹਰ ਜਾਂਦੇ ਹਾਂ, ਸ਼ਰਾਬ ਪੀ ਕੇ ਸਭ ਕੁੱਝ ਖਾ ਕੇ ਆ ਜਾਂਦੇ ਹਾਂ, ਫਿਰ ਜਦ ਅਸੀਂ ਗੁਰਮੁਖਾਂ ਦੀ ਸੰਗਤ ਵਿੱਚ ਆ ਜਾਂਦੇ ਹਾਂ ਤਾਂ ਫਿਰ ਦਾਹੜੀਆਂ ਖੋਹਲਕੇ, ਭਗਤ ਬਣਕੇ, ਕੀਰਤਨ ਕਰਨ ਤੇ ਪਾਠ ਕਰਨ ਲੱਗ ਪੈਂਦੇ ਹਾਂ। ਕਈ ਵਾਰੀ ਅੱਗੋ ਪਿਛੇ ਦੇਖਦੇ ਹਾਂ ਕਿ ਕੋਈ [illegible] ਤਾਂ ਨਹੀਂ ਰਿਹਾ, ਅਗਰ ਕੋਈ ਦੇਖਦਾ ਨਾ ਹੋਵੇ ਤਾਂ ਫਿਰ ਬਾਬਾ ਜੀ ਦੇ ਅਗੋਂ ਪੈਸੇ ਭੀ ਚੁੱਕ ਲੈਂਦੇ ਹਾਂ। ਉਸ ਵਕਤ ਭੀ ਅਸੀਂ ਲੋਭੀ ਮਾਇਆ ਦੇ ਲਾਲਚੀ ਇਹ ਭੁੱਲ ਜਾਂਦੇ ਹਾਂ ਕਿ ਅਸੀਂ ਜੋ ਇਹ ਕਰ ਰਹੇ ਹਾਂ *"ਉਹ"* ਸਭ ਕੁੱਝ ਵੇਖ ਰਿਹਾ ਹੈ, *"ਹਾਜ਼ਰ ਨਾਜ਼ਰ"* ਹੈ, ਅੰਤਰਜਾਮੀ ਹੈ। ਸਾਨੂੰ ਆਪਣੀਆਂ ਕਰਤੂਤਾਂ ਨੂੰ ਠੀਕ ਕਰਨਾ ਚਾਹੀਦਾ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ *'ਪ੍ਰਗਟ ਗੁਰਾਂ ਕੀ ਦੇਹ'* ਸਮਝ ਕੇ ਪੂਰਨ ਸਤਿਕਾਰ ਕਰਨਾ ਚਾਹੀਦਾ ਹੈ।

OOOOO



www.AKJ.Org

# ਤੰਦਰੁਸਤੀ ਲਈ ਕੁੱਝ ਜ਼ਰੂਰੀ ਨੁਕਤੇ

(ਪ੍ਰਿੰ: ਨਿਰੰਜਨ ਸਿੰਘ)

੧. ਆਟੇ ਨੂੰ ਛਾਣੋ ਨਾ। ਇਸੇ ਤਰ੍ਹਾਂ ਦਾਲਾਂ ਭੀ ਸਾਬਤ ਜਾਂ ਦਲੀਆਂ ਹੋਈਆਂ ਖਾਉ ਕਿਉਂਕਿ ਵਿਟਾਮਿਨ *'ਬੀ'* ਅਨਾਜਾਂ ਅਤੇ ਦਾਲਾਂ ਦੇ ਛਿਲਕਿਆਂ ਵਿੱਚ ਹੁੰਦਾ ਹੈ।

੨. ਆਟਾ ਗੁੰਨ੍ਹ ਕੇ ਖ਼ਮੀਰ ਬਣਾ ਲਓ। ਖ਼ਮੀਰ ਵਿੱਚ ਵਿਟਾਮਿਨ *'ਬੀ'* ਪੈਦਾ ਹੋ ਜਾਂਦਾ ਹੈ। ਖ਼ਮੀਰੀ ਰੋਟੀ ਪੋਲੀ ਹੁੰਦੀ ਹੈ ਅਤੇ ਚਿੱਥਣ ਵਿੱਚ ਸੌਖ ਹੁੰਦੀ ਹੈ।

੩. ਦੁੱਧ ਵਿੱਚ ਖ਼ੁਰਾਕ ਦੇ ਤਕਰੀਬਨ ਸਾਰੇ ਅੰਸ਼ ਸੰਤੁਲਤ ਮਾਤਰਾ ਵਿੱਚ ਮੌਜੂਦ ਹੁੰਦੇ ਹਨ ਅਤੇ ਹੁੰਦੇ ਵੀ ਐਸੇ ਰੂਪ ਵਿੱਚ ਹਨ ਜੋ ਮਿਹਦੇ ਵਿੱਚ ਆਸਾਨੀ ਨਾਲ ਹਜ਼ਮ ਹੋ ਜਾਂਦੇ ਹਨ। ਇਸ ਲਈ ਦੁੱਧ ਜਾਂ ਦਹੀਂ ਅੱਧਾ ਕਿਲੋ ਹਰ ਰੋਜ਼ ਵਰਤੋ। ਜੇ ਦੁੱਧ ਨਸੀਬ ਨਾ ਹੋਵੇ ਤਾਂ ਖੱਟੀ ਲੱਸੀ, ਜਿਹੜੀ ਅੱਗੇ ਤਾਂ ਪਿੰਡਾਂ ਵਿੱਚ ਆਸਾਨੀ ਨਾਲ ਮਿਲ ਜਾਂਦੀ ਸੀ, ਉਹ ਹੀ ਪੀਉ। ਇਸ ਲੱਸੀ ਵਿੱਚ ਸਿਵਾਏ ਮੱਖਣ ਦੇ ਹੋਰ ਸਾਰੇ ਅੰਸ਼ ਮੌਜੂਦ ਹੁੰਦੇ ਹਨ।

੪. ਥੋੜ੍ਹਾ ਬਹੁਤਾ ਘਿਉ ਜਾਂ ਮੱਖਣ ਵੀ ਵਰਤੋ। ਤੜਕਾ ਲਾਣ ਲਈ ਬਨਾਸਪਤੀ ਤੇ ਪੈਸੇ ਜ਼ਾਇਆ ਕਰਨੇ ਭੁੱਲ ਹੈ। ਬਨਾਸਪਤੀ ਨਾਲੋਂ ਆਮ ਤੇਲਾਂ ਦਾ ਤੜਕਾ ਲਾਣਾਂ ਚੰਗਾ ਰਹੇਗਾ।

੫. ਕਿਸੇ ਨਾ ਕਿਸੇ ਫਲ ਦਾ ਸੇਵਨ ਜ਼ਰੂਰ ਕਰੋ। ਜੇ ਕਿਸੇ ਹੋਰ ਫਲ ਦੀ ਤੌਫ਼ੀਕ ਨਾ ਹੋਵੇ ਤਾਂ ਟਮਾਟਰ ਜਾਂ ਔਲਾ ਹੀ ਵਰਤ ਲਓ। ਇਹ ਭੀ ਤਾਂ ਫਲਾਂ ਵਾਂਗ ਵਿਟਾਮਿਨ ਦੇ ਭੰਡਾਰ ਹਨ।

੬. ਸਬਜ਼ੀਆਂ ਜ਼ਰੂਰ ਖਾਉ, ਕੱਚੀਆਂ ਭੀ ਅਤੇ ਪੱਕੀਆਂ ਭੀ। ਗਾਜਰਾਂ, ਮੂਲੀਆਂ ਅਤੇ ਸਾਗਾਂ ਦੀ ਤਾਂ ਕੋਈ ਕਮੀ ਨਹੀਂ ਹੁੰਦੀ। ਜੇ ਹੋਰ ਕੋਈ ਕੱਚੀ ਸਬਜ਼ੀ ਕਿਸੇ ਦਿਨ ਨਾ ਮਿਲ ਸਕੇ ਤਾਂ ਹਰੇ ਧਨੀਏ ਜਾਂ ਪੂਦਨੇ ਦੀ ਚਟਣੀ ਹੀ ਬਣਾ ਕੇ ਖਾ ਲਓ।

੭. ਰੋਟੀ ਖ਼ੂਬ ਚਿੱਥ ਚਿੱਥ ਕੇ ਖਾਉ ਅਤੇ ਜਿੰਨੀ ਖਾਣ ਦੇ ਆਦੀ ਹੋ, ਉਸ ਨਾਲੋਂ ਇੱਕ ਅੱਧ ਫੁਲਕਾ ਘਟਾ ਕੇ ਖਾਣ ਦੀ ਆਦਤ ਪਾਓ। ਅਸੀਂ ਖ਼ੁਰਾਕ ਵਿੱਚ ਨਸ਼ਾਸਤਾ ਜ਼ਿਆਦਾ ਵਰਤਦੇ ਹਾਂ ਪਰ ਇਸ ਨਾਲ ਪਿਸ਼ਾਬ ਵਿੱਚ ਸ਼ਕਰ ਆਉਣ ਲੱਗ ਪੈਂਦੀ ਹੈ ਅਤੇ ਇਹ ਡਾਇਆਬਟੀਜ਼ ਹੀ ਸਭ ਰੋਗਾਂ ਦੀ ਮਾਂ ਹੈ।

੮. *"ਜੈਸਾ ਅੰਨ ਤੈਸਾ ਮਨ"*, ਸਾਤਵਕ ਜੀਵਨ ਲਈ ਖ਼ੁਰਾਕ ਵੀ ਸਾਤਵਕ ਹੋਣੀ ਚਾਹੀਦੀ ਹੈ ਅਤੇ ਸਾਤਵਕ ਭੋਜਨ ਹੈ ਫਲ ਸਬਜ਼ੀਆਂ ਅਤੇ ਦੁੱਧ।

੯. ਬਦਾਮ ਅਤੇ ਹੋਰ ਛਿੱਲੜ ਵਾਲੀਆਂ ਚੀਜ਼ਾਂ ਭੀ ਚੰਗੀਆਂ ਗੁਣਕਾਰੀ ਹਨ। ਇਨ੍ਹਾਂ ਵਿੱਚ ਪ੍ਰੋਟੀਨਜ਼ ਅਤੇ ਹਜ਼ਮ ਹੋਣ ਵਾਲੇ ਤੇਲ ਹੁੰਦੇ ਹਨ। ਸਰਦੀਆਂ ਵਿੱਚ ਇਹਨਾਂ ਦਾ ਸੇਵਨ ਜ਼ਿਆਦਾ ਲਾਭਦਾਇਕ ਹੁੰਦਾ ਹੈ।

੧੦. ਮਾਸ ਚੰਗੀ ਖ਼ੁਰਾਕ ਨਹੀਂ। ਇਹ ਵਿਸ਼ੇ ਵਿਕਾਰਾਂ ਨੂੰ ਵਧਾਉਂਦਾ ਹੈ ਤੇ ਹਜ਼ਮ ਭੀ ਮੁਸ਼ਕਲ ਨਾਲ ਹੁੰਦਾ ਹੈ। ਮਾਸ ਅਤੇ ਮਾਂਹ ਦੀ ਦਾਲ ਗੰਠੀਆ ਆਦਿ ਰੋਗ ਪੈਦਾ ਕਰਦੇ ਹਨ।

੧੧. ਜਿਨ੍ਹਾਂ ਚੀਜ਼ਾਂ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ, ਉਹ ਹਨ ਨਸ਼ੇ ਸ਼ਰਾਬ, ਭੰਗ, ਅਫ਼ੀਮ, ਤਮਾਕੂ, ਚਾਹ, ਕਾਫ਼ੀ। ਨਸ਼ੇ ਵਾਲੀਆਂ ਸਾਰੀਆਂ ਚੀਜ਼ਾਂ ਪਹਿਲਾਂ ਤਾਂ ਖ਼ੂਨ ਨੂੰ ਜੋਸ਼ ਦੇ ਕੇ ਆਦਮੀ ਨੂੰ ਜ਼ਰਾ ਚੁੱਕਦੀਆਂ ਹਨ ਪਰ ਬਹੁਤਾ ਵਰਤਣ ਨਾਲ ਹਾਜ਼ਮੇ ਨੂੰ ਨਾਸ ਕਰ ਦਿੰਦੀਆਂ ਹਨ। ਇੱਕ ਨਵੀਂ ਲਾਅਨਤ ਜਿਹੜੀ ਸਾਡੇ ਦੇਸ਼ ਵਿੱਚ ਆਈ ਹੈ, ਉਹ ਹੈ ਕੋਕਾ ਕੋਲਾ। ਇਸ ਵਿੱਚ ਵੀ ਕੈਫ਼ੀਨ ਹੁੰਦੀ ਹੈ ਅਤੇ ਇਹ ਚਾਹ ਵਾਂਗ ਥੋੜਾ ਜਿਹਾ ਨਸ਼ਾ ਦਿੰਦਾ ਹੈ। ਪੀਣ ਲਈ ਅੰਮ੍ਰਿਤ ਸਮਾਨ ਚੀਜ਼ ਫਲਾਂ ਦੇ ਰਸ ਹਨ।

੧੨. ਭੋਜਨ ਭੀ ਸਮੇਂ ਸਿਰ ਹੀ ਖਾਉ। ਸਾਰਾ ਦਿਨ ਖਾਂਦੇ ਰਹਿਣਾ ਜਾਂ ਕਦੇ ਕਿਸੇ ਵੇਲੇ ਰੋਟੀ ਖਾਣੀ ਅਤੇ ਕਦੇ ਕਿਸੇ ਵੇਲੇ, ਇਹ ਠੀਕ ਨਹੀਂ। ਮਿਹਦਾ ਖ਼ੁਰਾਕ ਦੇ ਫੋਗਾਂ ਨੂੰ ਬਾਹਰ ਕੱਢਣ ਦਾ ਜ਼ੋਰ ਉਸ ਵੇਲੇ ਲਾਉਂਦਾ ਹੈ ਜਦ ਉਸਨੂੰ ਪਚਾਣ ਦੇ ਕੰਮ ਤੋਂ ਵਿਹਲ ਮਿਲੇ। ਵੇਲੇ ਸਿਰ ਭੋਜਨ ਖਾਣ ਨਾਲ ਹੀ ਇਹ ਹੋ ਸਕਦਾ ਹੈ।

੧੩. ਖ਼ੁਰਾਕ ਨੂੰ ਖਾਣ ਨਾਲੋਂ ਭੀ ਜ਼ਿਆਦਾ ਜ਼ਰੂਰੀ ਕਰਮ ਇਸ ਨੂੰ ਪਚਾ ਕੇ ਤਰੋ-ਤਾਜ਼ਾ ਅਤੇ ਸ਼ੁੱਧ ਲਹੂ ਬਣਾਣਾ ਹੁੰਦਾ ਹੈ। ਜੇ ਘੋੜੇ ਨੂੰ ਇੱਕ ਥਾਂ ਬੰਨ੍ਹ ਕੇ ਉਸ ਨੂੰ ਖ਼ੂਬ ਖਵਾਈ ਜਾਈਏ ਅਤੇ ਉਸ ਪਾਸੋਂ ਕੰਮ ਨਾ ਲਈਏ ਤਾਂ ਭੀ ਉਹ ਰੋਗੀ ਹੋ ਜਾਂਦਾ ਹੈ। ਕੰਮ ਕਰਦਿਆਂ ਹੀ ਉਹ ਜੋਬਨ ਵਿੱਚ ਰਹਿੰਦਾ ਹੈ। ਜੇ ਕਦੇ ਘੋੜੇ ਵਾਸਤੇ ਕੋਈ ਕੰਮ ਨਾ ਹੋਵੇ ਤਾਂ



www.AKJ.Org

ਕਹੀਦਾ ਹੈ ਕਿ ਇਸ ਨੂੰ ਫਿਰ ਤੁਰਾ ਕੇ ਲਿਆਓ ਤਾਂ ਕਿ ਇਸ ਦੇ ਅੰਗ ਖੁੱਲ੍ਹ ਜਾਣ। ਇਹੋ ਗੱਲ ਇਨਸਾਨੀ ਸਰੀਰ ਦੀ ਹੈ। ਮੁਸ਼ੱਕਤ ਕਰਨਾ ਇਨਸਾਨ ਦਾ ਪਰਮ-ਧਰਮ ਹੈ। ਹੱਥਾਂ ਦੀ ਮਿਹਨਤ ਕਰੋ ਤੇ ਖੂਬ ਦੌੜ-ਭੱਜ ਕਰੋ। ਇਸ ਨਾਲ ਤਾਜ਼ਾ ਖੂਨ, ਨਵੇਂ ਜੀਵਾਣੂ ਅਤੇ ਨਵੇਂ ਪੱਠੇ ਆਦਿ ਬਣਦੇ ਰਹਿੰਦੇ ਹਨ। ਇਹ ਤਾਜ਼ਗੀ ਦੀ ਲਹਿਰ ਹੀ ਇਨਸਾਨੀ ਸਰੀਰ ਨੂੰ ਚੜ੍ਹਦੀਆਂ ਕਲਾਂ ਵਿੱਚ ਰੱਖਦੀ ਹੈ। ਖੇਤੀ-ਬਾੜੀ ਦਾ ਕੰਮ ਕਰਨਾ ਅਤੇ ਮਿਹਨਤ-ਮਜ਼ੂਰੀ ਕਰਨੀ, ਤਰਖਾਣਾ, ਲੋਹਾਰਾ ਜਾਂ ਹੋਰ ਇਹੋ ਜਿਹੇ ਕੰਮ ਕਰਨੇ, ਇਹੋ ਹੀ ਕੁਦਰਤੀ ਮੁਸ਼ੱਕਤਾਂ ਹਨ।

ਇਸ ਦਾ ਭਾਵ ਇਹ ਹੈ ਕਿ ਹਰ ਇਕ ਧਰਮੀ ਪੁਰਸ਼ ਲਈ ਇਹ ਅਵੱਸ਼ ਹੈ ਕਿ ਉਹ ਆਪਣੇ ਹੱਥੀਂ ਮਿਹਨਤ ਕਰਕੇ ਆਪਣੀ ਜੀਵਕਾ ਲਈ ਅਹਾਰ ਆਪ ਪੈਦਾ ਕਰੇ। ਇਸ ਦ੍ਰਿਸ਼ਟੀ ਤੋਂ ਸੱਚਾ ਸੁੱਚਾ ਤੇ ਸੰਪੂਰਨ ਜੀਵਨ ਗੁਰੂ ਨਾਨਕ ਜੀ ਦਾ ਸੀ।

੧੪. ਚਮੜੀ ਨੂੰ ਸਾਫ਼ ਰੱਖਣ ਅਤੇ ਮਸਾਮਾਂ ਨੂੰ ਖੁਲ੍ਹੇ ਰੱਖਣ ਲਈ ਹਰ ਰੋਜ਼ ਇਸ਼ਨਾਨ ਕਰਨਾ ਜ਼ਰੂਰੀ ਹੈ। ਇਸ਼ਨਾਨ ਅੰਮ੍ਰਿਤ ਵੇਲੇ ਕਰਨਾ ਅਤੇ ਠੰਡੇ ਪਾਣੀ ਨਾਲ ਕਰਨਾ ਲਾਭਦਾਇਕ ਹੁੰਦਾ ਹੈ। ਸਿਵਾਏ ਬਿਰਧ ਆਦਮੀਆਂ ਦੇ ਬਾਕੀਆਂ ਨੂੰ ਸਰਦੀਆਂ ਵਿੱਚ ਵੀ ਗਰਮ ਪਾਣੀ ਵਰਤਣ ਦੀ ਕੋਈ ਲੋੜ ਨਹੀਂ। ਠੰਡੇ ਪਾਣੀ ਨਾਲ ਸਰਦੀਆਂ ਵਿੱਚ ਨਹਾਓ, ਦੇਖੋ ਪਿਛੋਂ ਸਰੀਰ ਕੈਸਾ ਗਰਮ ਹੋ ਜਾਂਦਾ ਹੈ। ਨਹਾਣ ਸਮੇਂ ਸਰੀਰ ਨੂੰ ਖੂਬ ਮਲਣਾ ਚਾਹੀਦਾ ਹੈ। ਇਸ ਨਾਲ ਨਾੜੀਆਂ ਨੂੰ ਹਰਕਤ ਮਿਲਦੀ ਹੈ ਅਤੇ ਮੁਸਾਮ ਚੰਗੀ ਤਰ੍ਹਾਂ ਖੁੱਲ੍ਹਦੇ ਹਨ। ਨਹਾਣ ਸਮੇਂ ਸਾਬਣ ਦੀ ਵਰਤੋਂ ਬਿਲਕੁੱਲ ਜ਼ਰੂਰੀ ਨਹੀਂ। ਸਾਬਣ ਵਿੱਚ ਆਮ ਤੌਰ ਤੇ ਕਾਸਟਕ ਸੋਡਾ ਥੋੜਾ ਬਾਹਲਾ ਰਹਿ ਜਾਂਦਾ ਹੈ ਅਤੇ ਇਹ ਚਮੜੀ ਨੂੰ ਖ਼ਰਾਬ ਕਰਦਾ ਹੈ। ਚਮੜੀ ਵਿਚੋਂ ਮੁਸਾਮਾਂ ਅਤੇ ਵਾਲਾਂ ਰਾਹੀਂ ਥੋੜ੍ਹਾ ਥੋੜ੍ਹਾ ਤੇਲ ਨਿਕਲਦਾ ਰਹਿੰਦਾ ਹੈ ਅਤੇ ਇਹ ਤੇਲ ਚਮੜੀ ਨੂੰ ਠੀਕ ਹਾਲਤ ਵਿੱਚ ਰੱਖਦਾ ਹੈ। ਜੇ ਹਫ਼ਤੇ ਵਿੱਚ ਇਕ ਵਾਰੀ ਤੇਲ ਦੀ ਮਾਲਸ਼ ਕਰ ਲਈ ਜਾਵੇ ਤਾਂ ਚਮੜੀ ਦੀ ਹਾਲਤ ਬਹੁਤ ਚੰਗੀ ਹੋ ਜਾਂਦੀ ਹੈ ਪਰ ਮਾਲਸ਼ ਦੇ ਪਿਛੋਂ ਵਾਧੂ ਤੇਲ ਨੂੰ ਸਰੀਰ ਤੋਂ ਲਾਹੁਣ ਲਈ ਸਾਬਣ ਦੀ ਵਰਤੋਂ ਜ਼ਰੂਰੀ ਹੈ।

੧੫. ਜਾਗਣ-ਸੌਣ, ਖਾਣ-ਪੀਣ, ਕੰਮ ਕਰਨ ਅਤੇ ਆਰਾਮ ਕਰਨ ਦੇ ਸਮੇਂ ਬੱਧੇ ਹੋਣੇ ਚਾਹੀਦੇ ਹਨ। ਰਾਤ ਨੂੰ ਸਾਜ਼ੁਰੇ ਹੀ ਸੌਣਾ ਅਤੇ ਅੰਮ੍ਰਿਤ ਵੇਲੇ ਜਾਗਣਾ ਸਿਹਤ ਅਤੇ ਜ਼ਿੰਦਗੀ ਦੀ ਕਾਮਯਾਬੀ ਲਈ ਜ਼ਰੂਰੀ ਹਨ। ਰਾਤ ਨੂੰ ੧੨ ਵਜੇ ਤੱਕ ਜਾਗਦੇ ਰਹਿਣਾ ਅਤੇ ਸਵੇਰੇ ੮ ਵਜੇ ਤੱਕ ਬਿਸਤਰੇ ਵਿੱਚ ਪਲਸੇਟੇ ਮਾਰੀ ਜਾਣਾ, ਇਹ ਭੈੜੀਆਂ ਆਦਤਾਂ ਹਨ। ਸਾਰਾ ਦਿਨ ਅਤੇ ਰਾਤ ਆਦਮੀ ਨੂੰ ਠੀਕ ਇਕ ਮਸ਼ੀਨ ਵਾਂਗ ਚੱਲਣਾ ਚਾਹੀਦਾ ਹੈ। ਇਸ ਨਾਲ ਸਰੀਰ ਅਰੋਗ ਰਹਿੰਦਾ ਹੈ, ਦਿਲ ਖੁਸ਼ ਰਹਿੰਦਾ ਹੈ ਅਤੇ ਦਿਮਾਗ ਤੇ ਯਾਦ ਰੱਖਣ ਦਾ ਬੋਝ ਨਹੀਂ ਪੈਂਦਾ। ਆਦਤਾਂ ਹੀ ਐਸੀਆਂ ਪਾ ਲੈਣੀਆਂ ਚਾਹੀਦੀਆਂ ਹਨ ਕਿ ਮਸ਼ੀਨ ਵਾਂਗ ਬਿਨਾਂ ਕਿਸੇ ਯਤਨ ਦੇ ਸਰੀਰ ਦੀ ਕਿਰਿਆ ਚਲਦੀ ਰਹੇ।

੧੬. ਇਨਸਾਨ ਦੀ ਅਕਲ ਅਜੇ ਕੱਚੀ ਹੈ। ਕਈ ਤਰ੍ਹਾਂ ਦੀਆਂ ਭੁੱਲਾਂ ਇਸ ਪਾਸੋਂ ਹੁੰਦੀਆਂ ਹਨ। ਭੁੱਲ ਦਾ ਨਤੀਜਾ ਦੁੱਖ ਹੁੰਦਾ ਹੈ। ਫੇਰ ਵਿਚਾਰ ਸ਼ੁਰੂ ਹੁੰਦੀ ਹੈ ਅਤੇ ਭੁੱਲ ਦੀ ਸੁਧਾਈ ਕੀਤੀ ਜਾਂਦੀ ਹੈ। ਕੁਦਰਤ ਨੇ ਇਨਸਾਨ ਨੂੰ ਕੱਪੜੇ ਪਹਿਨਾ ਕੇ ਤਾਂ ਭੇਜਿਆ ਨਹੀਂ ਪਰ ਕੱਪੜਿਆਂ ਬਿਨਾਂ ਸਰਦਾ ਵੀ ਨਹੀਂ। ਦੂਜੇ ਪਾਸੇ ਹਰ ਜਿਉਂਦੀ ਚੀਜ਼ ਨੂੰ ਰੌਸ਼ਨੀ ਅਤੇ ਵਾਯੂ ਦੀ ਲੋੜ ਰਹਿੰਦੀ ਹੈ। ਪਾਣੀ ਦੇ ਗੁਸਲ ਵਾਂਗ ਧੁੱਪ ਤੇ ਵਾਯੂ ਦੇ ਗੁਸਲ ਦੀ ਵੀ ਲੋੜ ਹੈ। OOOOO

## ਭੇਖੀ

(ਰਾਜਿੰਦਰ ਸਿੰਘ ਵਿਦਿਆਰਥੀ, ਸਿੰਘਾਪੁਰ)

(ਰਹਤ ਅਵਰ, ਕਛੁ ਅਵਰ ਕਮਾਵਤ)

ਗੁਰਸਿੱਖੀ ਰਹਤ ਹੋਰ, ਕਰਮ ਕਰੇ ਹੋਰ ਹੋਰ, ਰਿਦੇ ਨਹੀਂ ਪ੍ਰੀਤ, ਬਾਹਰੋਂ ਪ੍ਰੇਮੀ ਅਖਵਾਂਦਾ।
ਜਾਣੇ ਘਟ ਘਟ ਦੀ ਹੈ ਸਭ ਤੋਂ ਸਿਆਣਾ ਪ੍ਰਭੂ, ਓਸ ਦੇ ਹਜ਼ੂਰ ਭੇਖੀ ਸੋਭਾ ਨਹੀਂ ਪਾਂਵਦਾ।
ਮੱਤਾਂ ਦਵੇ ਹੋਰਨਾਂ ਨੂੰ ਆਪ ਨਾ ਕਮਾਏ ਜਿਹੜਾ, ਆਵਾ-ਗਵਨ ਭਰਮਦਾ ਓਹ ਨਿਤ ਚੋਟਾਂ ਖਾਂਵਦਾ।
ਮਨ ਅੰਦਰ ਵਸ ਗਏ ਜਿਦ੍ਹੇ ਕਰਤਾਰ ਪ੍ਰਭੂ, ਓਹਦੇ ਪਿਛੇ ਲੱਗਾ ਸੰਗੀ-ਸਾਥੀ ਤਰ ਜਾਂਵਦਾ।
ਓਹੀ ਓਹਨੂੰ ਜਾਣਦੇ ਨੇ ਜਿਹੜੇ ਓਹਨੂੰ ਭਾਂਵਦਾ, ਉਨ੍ਹਾਂ ਸੰਗ ਲੱਗੇ ਰਹੀਏ ਹਰੀ ਗੁਣਿ ਗਾਂਵਦੇ



www.AKJ.Org

# ਅਮਰ ਸ਼ਹਾਦਤ

(ਪ੍ਰਿੰ: ਸੱਜਣ ਸਿੰਘ ਜੀ)

ਪਰਉਪਕਾਰ ਇਕ ਮਹਾਨ ਦੈਵੀ ਗੁਣ ਹੈ, ਰੱਬੀ ਬਖਸ਼ਸ਼ ਹੈ। ਜਿਹੜਾ ਇਨਸਾਨ ਸਾਰੇ ਸੰਸਾਰ ਨੂੰ ਆਪਣਾ ਪਰਵਾਰ ਸਮਝਦਾ ਹੈ, ਤੇ ਆਪਣੀ ਲੋੜ, ਆਪਣੀ ਮੰਗ ਤੋਂ ਉੱਚਾ ਉੱਠ ਕੇ ਦੂਸਰੇ ਦੀ ਭਲਾਈ ਲਈ ਜਿਉਂਦਾ-ਮਰਦਾ ਹੈ, ਉਹੀ ਪਰਉਪਕਾਰੀ ਕਹਾਉਣ ਦਾ ਅਧਿਕਾਰੀ ਹੈ। ਉਹ ਦਾਤਾ ਹੈ, ਮੰਗਤਾ ਨਹੀਂ, ਉਹ ਲੈਂਦਾ ਹੈ ਦਾਤਾਰ ਪਿਤਾ ਤੋਂ ਤੇ ਦਿੰਦਾ ਹੈ ਲੋੜਬੰਦ ਦੁੱਖੀਆਂ ਨੂੰ। ਉਸ ਦਾ ਮਨ ਖ਼ਾਲਕ ਦੇ ਚਰਨਾਂ ਵਿੱਚ, ਤਨ ਤੇ ਧਨ ਖ਼ਲਕਤ ਦੀ ਸੇਵਾ ਲਈ ਤੱਤਪਰ ਰਹਿੰਦਾ ਹੈ। ਸੰਸਾਰੀ ਤੇ ਅਗਿਆਨੀ ਪੁਰਸ਼ ਉੱਚ ਪਾਇ ਦੀ ਕੁਰਬਾਨੀ ਦੇ ਲਾਇਕ ਨਹੀਂ, ਇਹ ਕੇਵਲ ਬ੍ਰਹਮ ਗਿਆਨੀ ਨੂੰ ਫੱਬਦੀ ਹੈ, ਜਿਹੜਾ ਦੂਸਰੇ ਦੀ ਭਲਾਈ ਵਿੱਚ ਉਮਾਹ ਤੇ ਖੇੜੇ ਭਰੀ ਅਵਸਥਾ ਵਿੱਚ ਵਿਚਰਦਾ ਹੈ।

ਬ੍ਰਹਮ ਗਿਆਨੀ ਪਰਉਪਕਾਰ ਉਮਾਹਾ।।੩।।੮।।

(ਸੁਖਮਨੀ ਸਾਹਿਬ)

ਇਸ ਦੇ ਬਿਪਰੀਤ ਬੁਜ਼ਦਿਲ ਇਨਸਾਨ ਸਾਹਸਿਕ ਕੰਮ ਤੋਂ ਕੰਨੀ ਕਤਰਾਉਂਦਾ ਹੈ। ਉਹ ਕਥਨੀ ਵਿੱਚ ਭਾਵੇਂ ਸ਼ੇਰ ਹੋਵੇ ਪਰ ਕਰਨੀ ਵੇਲੇ ਪੂਰਾ ਨਹੀਂ ਉੱਤਰਦਾ। ਹੋ ਸਕਦਾ ਹੈ, ਉਹ ਕਿਸੇ ਹੱਦ ਤੱਕ ਧਨ ਕੁਰਬਾਨ ਕਰ ਸਕਦਾ ਹੋਵੇ, ਪਰ ਖ਼ਤਰੇ, ਸੰਕਟ ਤੇ ਜੋਖੋਂ ਭਰੇ ਕਾਰਜ ਕਰਨ ਦੀ ਉਸ ਵਿੱਚ ਸਮਰੱਥਾ ਨਹੀਂ ਹੁੰਦੀ। ਗੀਦੀ ਪੁਰਸ਼ ਤੋਂ ਆਪਾ ਵਾਰਨ ਦੀ ਆਸ਼ਾ ਰੱਖਣੀ ਨਿਰਮੂਲ ਹੈ। ਗੱਲਾਂ ਨਾਲ ਘਰ ਪੂਰਾ ਕਰਨ ਵਾਲੇ ਕਈ ਲੀਡਰ ਮੌਤ ਦੇ ਡਰ ਕਾਰਨ ਥਿੜਕਦੇ ਦੇਖੇ ਗਏ ਹਨ। ਐਸੇ ਡਰਪੋਕ ਜੀਵ ਮੌਤ ਦੇ ਪੰਜੇ ਤੋਂ ਨੱਸ ਕੇ ਬਚ ਨਹੀਂ ਸਕਦੇ, ਬਲਕਿ ਵਾਰ ਵਾਰ ਜੰਮਦੇ ਤੇ ਮ੍ਰਿਤੂ ਦਾ ਸ਼ਿਕਾਰ ਬਣਦੇ ਹਨ। ਗੁਰਮਤਿ ਵਿੱਚ ਪਰਵਾਨ ਸੂਰਾ ਕੋਈ ਵਿਰਲਾ ਜਨ ਹੈ, ਜਿਹੜਾ ਮੌਤ ਨੂੰ ਹੱਸ ਕੇ ਗਲਵੱਕੜੀ ਪਾਉਂਦਾ ਹੈ।

ਜੋ ਸੂਰਾ ਤਿਸ ਹੀ ਹੋਇ ਮਰਣਾ।।
ਜੋ ਭਾਗੈ ਤਿਸੁ ਜੋਨੀ ਫਿਰਣਾ।।੭।।

(ਮਾਰੂ ਮ: ੫ ਅੰਜੁਲੀਆਂ, ਪੰਨਾ ੧੦੧੯)

ਸੂਰਮੇ ਦੀ ਮੌਤ ਨਹੀਂ, ਸਦੀਵੀ ਜ਼ਿੰਦਗੀ ਹੈ।

ਨਿਰਭਉ ਕੇਵਲ ਨਿਰੰਕਾਰ ਹੈ, ਸੋ ਹਿਰਦੇ ਵਿੱਚ ਨਿਰਭਉ ਨਾਮ ਦੇ ਨਿਵਾਸ ਬਿਨਾਂ ਸੱਚੀ ਤੇ ਸੁੱਚੀ ਦਲੇਰੀ ਦਾ ਉਤਪੰਨ ਹੋਣਾ ਸੰਭਵ ਨਹੀਂ। ਇਤਿਹਾਸ ਸਾਖੀ ਹੈ ਕਿ ਨਿਧੜਕ ਸੂਰਮੇ ਦੀ ਰਹਿਬਰੀ ਤੋਂ ਹੀ ਸੂਰਬੀਰਾਂ ਦੀ ਲੜੀ ਤਿਆਰ ਹੁੰਦੀ ਹੈ। ਦੂਸਰੇ ਸ਼ਬਦਾਂ ਵਿੱਚ ਜਿਸ ਪ੍ਰਾਣੀ ਨੂੰ ਸੂਰਮਗਤੀ ਦੀ ਗੁੜ੍ਹਤੀ ਪ੍ਰਾਪਤ ਹੋਵੇ ਉਹੀ ਨਿਰਭੈਤਾ ਦੀ ਪਦਵੀ ਪਾਉਣ ਦੇ ਯੋਗ ਹੈ। ਗੁੜ੍ਹਤੀ, ਉਪਦੇਸ਼ ਜਾਂ ਪ੍ਰੇਰਨਾ ਤੇ ਆਧਾਰਿਤ ਨਹੀਂ, ਬਲਕਿ ਬੇ-ਗਰਜ਼ ਆਪਾ ਵਾਰਨ, ਜਾਨ ਦੀ ਆਹੂਤੀ ਦੇਣ ਤੇ ਨਿਰਭਰ ਕਰਨੀ ਮੰਨੀ ਗਈ ਹੈ।

ਸਿੱਖ ਇਤਿਹਾਸ ਵਿੱਚ ਗੁਰੂ ਵਿਅਕਤੀ, ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਦੂਸਰੀ ਬੇਮਿਸਾਲ ਸ਼ਹਾਦਤ ਸੀ, ਜਿਸ ਦੇ ਦ੍ਰਿਸ਼ ਨੂੰ ਸੁਰਤੀ ਦੁਆਰਾ ਅੱਖਾਂ ਸਾਹਮਣੇ ਰੱਖਦਿਆਂ, ਅਨਗਿਣਤ ਗੁਰਸਿੱਖ ਕੁਰਬਾਨੀ ਦੇਣ ਸਮੇਂ ਕਸ਼ਟ ਝੱਲਣ ਤੇ ਭਾਣਾ ਮਿੱਠਾ ਮੰਨਣ ਵਿੱਚ ਅਡੋਲ ਤੇ ਦ੍ਰਿੜ੍ਹ ਰਹੇ। ਦਾਦਿਆਂ ਦੇ ਬਾਅਦ ਪੋਤਿਆਂ ਦਾ ਇਹ ਦੂਸਰਾ ਸੰਘਰਸ਼ ਸੀ। ਜੇ ਔਰੰਗਜ਼ੇਬ ਨੂੰ ਜਹਾਂਗੀਰ ਦੇ ਬਾਦਸ਼ਾਹੀ ਫ਼ੁਰਮਾਨ ਤੇ ਘੁਮੰਡ ਸੀ ਤਾਂ ਏਧਰ ਨੌਵੇਂ ਪਾਤਸ਼ਾਹ ਨੂੰ ਆਪਣੇ ਦਾਦਾ ਸ੍ਰੀ ਗੁਰੂ ਅਰਜਨ ਦੇਵ ਦੇ ਅਦੁੱਤੀ ਬਲੀਦਾਨ ਤੇ ਮਾਣ ਸੀ, ਹਜ਼ੂਰ ਨੇ ਅਨਾਥਾਂ ਦੀ ਬਾਂਹ ਨਹੀਂ ਛੱਡੀ, ਆਪਣਾ ਬਚਨ ਪੂਰਾ ਨਿਭਾਇਆ, ਗੁਰੂ ਨਾਨਕ ਦੀ ਗੱਦੀ ਦੀ ਨਿਰਮਲ ਮਰਿਆਦਾ ਨੂੰ ਕਾਇਮ ਰੱਖਦਿਆਂ, ਆਪਣੇ ਸਾਥ. ਗੁਰਸਿੱਖਾਂ ਸਹਿਤ, ਚੜ੍ਹਦੀ ਕਲਾ ਦੀ ਅਵਸਥਾ ਵਿੱਚ ਆਪਣਾ ਖ਼ਾਕੀ ਭਾਂਡਾ ਦਿੱਲੀ ਦੇ ਬਾਦਸ਼ਾਹ ਦੇ ਸਿਰ ਫੋੜ ਕੇ ਆਦਰਸ਼ਕ ਸਾਕਾ ਇਤਿਹਾਸ ਦੇ ਪੰਨਿਆਂ ਨੂੰ ਸੌਂਪਿਆਂ।

ਔਰੰਗਜ਼ੇਬ ਦੀ ਰਾਜਨੀਤੀ ਦਾ ਪ੍ਰਮੁੱਖ ਮਨੋਰਥ, ਰਾਜਸੀ ਬਲ ਦੁਆਰਾ, ਹਿੰਦੂ ਸਭਿਅਤਾ, ਧਾਰਮਕ ਰੀਤਾਂ, ਮੰਦਰਾਂ, ਆਸ਼ਰਮਾਂ, ਵਿਦਿਆਲਿਆਂ ਤੇ ਹਿੰਦੂ ਜਾਤੀ ਨੂੰ ਆਹਿਸਤਾ ਆਹਿਸਤਾ ਖ਼ਤਮ ਕਰ ਕੇ, ਜਾਂ ਉਨ੍ਹਾਂ ਦਾ ਧਰਮ ਪਰੀਵਰਤਣ ਕਰ ਕੇ ਮੁਸਲਮਾਨੀ ਸ਼ਰੀਅਤ ਅੰਦਰ ਲਿਆਉਣਾ ਸੀ। ਗੁਰਦੇਵ ਪਿਤਾ ਨੇ ਆਪਣੀ ਯਾਤਰਾ ਦੌਰਾਨ, ਅਨਾਥ ਹਿੰਦੂਆਂ ਨੂੰ, ਨਾਮ ਦੀ ਮਹਿਮਾ ਦਰਸਾ ਕੇ ਨਿਰਭੈ ਬਣਨ ਦਾ ਖੁੱਲ੍ਹਮ ਖੁੱਲ੍ਹਾ ਉਪਦੇਸ਼ ਦਿੱਤਾ। ਕਸ਼ਮੀਰੀ ਪੰਡਤਾਂ ਦੀ ਸੁਲਗਦੀ ਆਤਮਾ ਦੀ ਆਹ ਦਾ ਧੂੰਆਂ ਆਕਾਸ਼ ਨੂੰ ਛੋਂਹਦਾ ਵੀ ਤੱਕਿਆ ਤੇ ਤਰਸ ਖਾ ਕੇ ਉਨ੍ਹਾਂ ਦੀ ਆਤਮਕ ਅਧੋਗਤੀ, ਮਾਨਸਿਕ ਪ੍ਰੇਸ਼ਾਨੀ ਤੇ ਸਰੀਰਕ ਅੱਤਿਆਚਾਰ ਦਾ ਬੋਝ ਆਪਣੇ ਸਿਰ ਲੈ ਕੇ ਹੌਲਾ ਫੁੱਲ ਕਰ ਦਿੱਤਾ। ਔਰੰਗਜ਼ੇਬ ਦੀਆਂ ਰਾਜ-ਮੱਤੀਆਂ ਅੱਖਾਂ ਨੂੰ ਇਹਨਾਂ ਘਟਨਾਵਾਂ ਵਿੱਚੋਂ ਆਪਣੀ ਧਾਰਮਿਕ ਨੀਤੀ ਦੀ ਵਿਰੋਧਤਾ ਦਿੱਸੀ, ਸਿਧਾਂਤਕ ਤੌਰ ਤੇ ਵੀ ਅਤੇ ਅਮਲੀ ਤੌਰ ਤੇ ਵੀ। ਇਸ ਵਿਰੋਧਤਾ ਵਿੱਚ ਬਗਾਵਤ ਦੀ ਬੂ ਮਹਿਸੂਸ ਕੀਤੀ ਉਸ ਦੇ ਸ਼ਾਹੀ ਨੱਕ


www.AKJ.Org

ਨੇ। ਇਹ ਵੀ ਸੰਸਾਰਕ ਰਾਜਨੀਤੀ ਦਾ ਅੰਗ ਹੈ ਕਿ ਜਦ ਵੀ ਕਿਸੇ ਮਹਾਂਪੁਰਸ਼ ਨੂੰ ਪਕੜਨਾ ਹੁੰਦਾ ਹੈ ਜਾਂ ਦੰਡ ਦੇਣਾ ਹੁੰਦਾ ਹੈ ਤਾਂ ਉਸ ਉੱਤੇ ਰਾਜਨੀਤਿਕ ਤੌਰ ਤੇ ਵੀ ਢੁੱਕਵਾਂ ਅਲਜ਼ਾਮ ਲਗਾਇਆ ਜਾਂਦਾ ਹੈ। ਆਪਣੀ ਕਾਰਵਾਈ ਨੂੰ ਯੋਗ ਕਰਾਰ ਦੇਣ ਲਈ ਹਰੇਕ ਹਕੂਮਤ ਇਹ ਨੀਤੀ ਅਪਣਾਉਂਦੀ ਆਈ ਹੈ। ਔਰੰਗਜ਼ੇਬ ਨੇ ਭੀ ਬਾਦਸ਼ਾਹੀ ਫ਼ੁਰਮਾਨ ਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਗ੍ਰਿਫ਼ਤਾਰ ਕਰਨ ਦਾ ਫ਼ੁਰਮਾਨ ਜਾਰੀ ਕੀਤਾ ਸੀ।

ਕੁਰਸੀ ਇਨਸਾਨ ਨੂੰ ਮਤਲਬ ਦੀ ਸਾਰੀ ਗੱਲ ਸਿਖਾ ਦਿੰਦੀ ਹੈ। ਔਰੰਗਜ਼ੇਬ ਤਾਂ ਵੈਸੇ ਭੀ ਬਹੁਤ ਚਾਲਾਕ ਤੇ ਚਤੁਰ ਸੀ। ਉਸ ਨੇ ਬਾਬਾ ਰਾਮ ਰਾਇ ਨੂੰ ਕਰਾਮਾਤਾਂ ਦੇ ਚੱਕਰ ਵਿੱਚ ਪਾ ਕੇ, ਚਾਪਲੂਸੀ ਕਰ ਕੇ ਗੁਰਮੁਖਤਾਈ ਦੇ ਪੰਧ ਤੋਂ ਉਖੇੜ ਦਿੱਤਾ। ਪਿਆਰ ਸਤਿਕਾਰ ਭਰੇ ਵਾਤਾਵਰਨ ਵਿੱਚ, ਗੱਲਬਾਤ ਰਾਹੀਂ ਇਹ ਹਥਿਆਰ ਗੁਰਦੇਵ ਉੱਤੇ ਭੀ ਚਲਾਇਆ ਪਰ ਅਕਾਲ ਪੁਰਖ ਦੇ ਵਰੋਸਾਏ ਹੋਏ ਪੂਰਨ ਪੁਰਖ ਉੱਪਰ ਉਸ ਦਾ ਜਾਦੂ ਕਿਵੇਂ ਚੱਲ ਸਕਦਾ ਸੀ? ਇਸ ਦਾ ਜ਼ਿਕਰ ਬਚਿਤ੍ਰ ਨਾਟਕ ਵਿੱਚ ਇਸ ਤਰ੍ਹਾਂ ਕੀਤਾ ਹੈ-

ਨਾਟਕ ਚੇਟਕ ਕੀਏ ਕੁਕਾਜਾ॥
ਪ੍ਰਭ ਲੋਗਨ ਕਹ ਆਵਤ ਲਾਜਾ॥੧੪॥
(ਅਧਿ: ੫)

*'ਪਾੜੋ ਤੇ ਰਾਜ ਕਰੋ'* ਕੇਵਲ ਅਧੁਨਿਕ ਯੁੱਗ ਦੀ ਨੀਤੀ ਨਹੀਂ, ਇਸ ਦੀ ਵਰਤੋਂ ਮੁਗਲ ਸਾਮਰਾਜ ਨੇ, ਇਕ-ਪੁਰਖੀ ਰਾਜ ਦੇ ਹੁੰਦਿਆਂ ਵੀ ਕੀਤੀ। ਇਹ ਹੈਰਾਨੀ ਦੀ ਗੱਲ ਨਹੀਂ ਕਿ ਔਰੰਗਜ਼ੇਬ ਨੇ ਉਸ ਸਮੇਂ ਜਿਹੜੀ ਸਖਤੀ ਤੇ ਪਾਬੰਦੀ ਹਿੰਦੂਆਂ ਜਾਂ ਉਨ੍ਹਾਂ ਦੇ ਮੰਦਰਾਂ ਤੇ ਲਾਈ, ਉਹ ਬੰਦਸ਼ ਸਿੱਖਾਂ ਜਾਂ ਗੁਰਦੁਆਰਿਆਂ ਤੇ ਨਹੀਂ ਲਾਈ। ਹਜ਼ੂਰ ਨਾਲ ਕੀਤੇ ਬਚਨ ਬਿਲਾਸ ਵਿੱਚ ਸਿੱਖਾਂ ਤੇ ਮੁਸਲਮਾਨਾਂ ਦੀ ਸਾਂਝੀਵਾਹਦ-ਖ਼ੁਦਾ ਦੀ ਪ੍ਰਸਤਸ਼ ਤੇ ਹਿੰਦੂਆਂ ਦੀ ਬੁੱਤ ਪ੍ਰਸਤੀ ਦਾ ਚਰਚਾ ਭੀ ਸ਼ਾਮਲ ਸੀ। ਪਰ ਹਿੰਦੂ ਧਰਮ ਨਾਲ ਹਮਦਰਦੀ ਕਰਨ ਤੋਂ ਰੋਕਣ ਦਾ ਇਹ ਪ੍ਰਸਤਾਵ ਵੀ ਅਕਾਰਥ ਗਿਆ ਕਿਉਂਕਿ ਗੁਰਦੇਵ ਜੀ ਨੇ ਸਪੱਸ਼ਟ ਸ਼ਬਦਾਂ ਵਿੱਚ ਫ਼ੁਰਮਾਇਆ ਕਿ ਗੁਰੂ ਨਾਨਕ ਦਾ ਦਰ, ਇਨਸਾਨੀਅਤ ਨਾਲ ਬੇਇਨਸਾਫ਼ੀ, ਮਜ਼੍ਹਬੀ ਗੁਲਾਮੀ, ਜੰਞੂ ਤੇ ਤਿਲਕਧਾਰੀ ਹਿੰਦੂ ਨਾਲ ਜਬਰ, ਮੰਦਰ ਤੇ ਲਾਈ ਪਾਬੰਦੀ ਦੇ ਰਾਜਸੀ ਤਾਕਤ ਨਾਲ ਧਰਮ ਪਰੀਵਰਤਣ ਦੇ ਵਿਰੁੱਧ ਹੈ ਤੇ ਇਨ੍ਹਾਂ ਸਭਨਾਂ ਦੀ ਰਖਵਾਲੀ ਲਈ ਵੱਡੀ ਤੋਂ ਵੱਡੀ ਕੀਮਤ ਅਦਾ ਕਰਨ ਲਈ ਤਿਆਰ ਹੈ।

ਆਪਣਾ ਮਿਸ਼ਨ ਅਧੂਰਾ ਤੱਕ ਕੇ ਔਰੰਗਜ਼ੇਬ ਦੀ ਮਲੇਛ ਆਤਮਾ ਵਿੱਚ ਕਹਿਰ ਦਾ ਗੁੱਸਾ ਤੇ ਫ਼ਤੂਰ ਦਾ ਤੂਫ਼ਾਨ ਉਤਪੰਨ ਹੋਇਆ ਤੇ ਸਿੱਟੇ ਵਜੋਂ ਸਖ਼ਤ ਰਵੱਈਆ ਅਪਣਾਉਣ ਦਾ ਫ਼ੈਸਲਾ ਕੀਤਾ। ਹਜ਼ੂਰ ਨੂੰ ਲੋਹੇ ਦੇ ਪਿੰਜਰੇ ਵਿੱਚ ਕੈਦ ਕਰ ਕੇ ਅਤਿਅੰਤ ਤਸੀਹੇ ਤੇ ਕਸ਼ਟ ਦੇਣ ਦਾ ਹੁਕਮ ਜਾਰੀ ਕਰਨਾ, ਔਰੰਗਜ਼ੇਬ ਦੀ ਝੂਠੀ ਹੰਗਤਾ ਨੂੰ ਲੱਗੀ ਸੱਟ ਦਾ ਪਰਤੱਖ ਸਬੂਤ ਸੀ। ਬੇਦੋਸ਼ੇ, ਅਨਾਥ, ਨਿਆਸਰੇ ਤੇ ਦੁੱਖੀ ਪੁਰਸ਼ਾਂ ਦੇ ਧਰਮ ਨੂੰ ਬਚਾਉਣ ਹਿੱਤ ਗੁਰਦੇਵ ਜੀ ਨੇ ਆਪਣਾ ਸੀਸ ਕੁਰਬਾਨ ਕਰਕੇ ਕਮਾਲ ਦਾ ਧੀਰਜ, ਇਸਤਕਲਾਲ ਤੇ ਹੱਠ ਦਿਖਾਇਆ। ਇਸ ਦਾ ਸੰਕੇਤ ਬਚਿਤ੍ਰ ਨਾਟਕ ਸਿੰਘ ਜੀ ਨੇ ਆਪਣੀ ਰਚਨਾ ਵਿੱਚ ਇਨ੍ਹਾਂ ਸ਼ਬਦਾਂ ਦੁਆਰਾ ਦਿੱਤਾ ਗਿਆ ਹੈ-

ਧਰਮ ਹੇਤ ਸਾਕਾ ਜਿਨਿ ਕੀਆ॥
ਸੀਸੁ ਦੀਆ ਪਰ ਸਿਰਰੁ ਨ ਦੀਆ॥੧੪॥
( ਅਧਿ: ੫)

ਜਾਨ ਨਿਛਾਵਰ ਕਰਨ ਲਈ ਧੁਰੋਂ ਵਰੋਸਾਏ ਤਿੰਨ ਗੁਰਸਿੱਖ ਸਤਿਗੁਰੂ ਜੀ ਦੇ ਸੰਗੀ ਸਨ, ਜਿਨ੍ਹਾਂ ਨੇ ਗੁਰਦੇਵ ਜੀ ਦੀ ਸ਼ਹਾਦਤ ਤੋਂ ਪਹਿਲਾਂ ਅੰਤਮ ਸਮੇਂ ਤੱਕ ਗੁਰਸਿੱਖ-ਪ੍ਰੀਤੀ ਤੋੜ ਨਿਭਾਈ। ਕੀ ਮਜਾਲ ਕਿ ਉਨ੍ਹਾਂ ਦੇ ਮਨਾਂ ਨੇ ਰੰਚਕ ਮਾਤਰ ਭੀ ਕਾਂਪ ਖਾਧੀ ਹੋਵੇ, ਜਾਂ ਹਾਇ ਦੀ ਆਵਾਜ਼ ਮੂੰਹੋਂ ਕੱਢੀ ਹੋਵੇ। ਧੰਨਤਾ ਯੋਗ ਹਨ ਪਾਤਸ਼ਾਹ ਜੀ ਦੇ ਪਿਆਰੇ ਸਿਦਕੀ ਸਿੱਖ, ਜਿਨ੍ਹਾਂ ਨੇ ਪ੍ਰੇਮ ਦੇ ਜਜ਼ਬੇ ਵਿੱਚ ਕਮੀ ਨਹੀਂ ਆਉਣ ਦਿੱਤੀ।

ਸਿਦਕ ਦਾ ਭਾਵ, ਸ਼ਰਧਾ, ਪਿਆਰ ਤੇ ਆਤਮ ਸਮਰਪਣ ਹੈ। ਪ੍ਰੀਖਿਆ ਸਮੇਂ ਸਿਦਕੀ ਸਿੱਖ, ਸਤਿਗੁਰੂ ਜੀ ਦੀ ਖ਼ੁਸ਼ੀ ਪ੍ਰਾਪਤ ਕਰਨ ਲਈ, ਪ੍ਰਭੂ ਦੀ ਰਜ਼ਾ ਵਿੱਚ ਆਪਣਾ ਤਨ, ਮਨ, ਧਨ ਵਾਰਨ ਵਿੱਚ ਕਦੇ ਸੰਕੋਚ ਨਹੀਂ ਕਰਦਾ, ਡੋਲਦਾ ਨਹੀਂ, ਘਬਰਾਉਂਦਾ ਨਹੀਂ, ਬਲਕਿ ਮੌਤ ਦਾ ਖਿੜੇ ਮੱਥੇ ਸਵਾਗਤ ਕਰਦਾ ਹੈ।

ਤਨੁ ਮਨੁ ਕਾਟਿ ਕਾਟਿ ਸਭੁ ਅਰਪੀ
ਵਿਚਿ ਅਗਨੀ ਆਪੁ ਜਲਾਈ॥ (ਪੰਨਾ ੭੫੭)

ਦਾ ਅਮਲੀ ਰੂਪ ਭਾਈ ਸਤੀ ਦਾਸ ਨੇ ਕਰ ਵਿਖਾਇਆ, ਜਦ ਉਸ ਨੂੰ ਰੂੰ ਵਿੱਚ ਲਪੇਟ ਕੇ ਅਗਨੀ ਦੀ ਭੇਟ ਚੜ੍ਹਾਇਆ ਗਿਆ। ਦੁੱਖ ਵਿੱਚ ਸੁੱਖ ਮਨਾਉਣ, ਦੁੱਖ ਨੂੰ ਅੰਮ੍ਰਿਤ ਸਮ ਸਮਝਣ ਦਾ ਜੇ ਨਮੂਨਾ ਤੱਕਣਾ ਹੋਵੇ ਤਾਂ ਭਾਈ ਦਿਆਲੇ ਦੀ ਕਰਨੀ ਵੱਲ ਝਾਤ ਮਾਰੀਏ, ਜਿਸਨੇ ਉਬਲਦੇ ਪਾਣੀ ਵਿੱਚ ਆਪਣੇ ਸਰੀਰ ਦਾ ਮਾਸ ਆਲੂ ਦੇ ਛਿਲਕੇ ਵਾਂਗਰ ਵੱਖ ਕਰਵਾਇਆ ਪਰ


www.AKJ.Org

ਸੁਰਤੀ ਗੁਰ-ਚਰਨਾਂ ਵਿੱਚ ਲੀਨ ਰੱਖੀ। ਭਾਈ ਮਤੀਦਾਸ ਨੂੰ ਲੱਕੜੀ ਦੇ ਫੱਟਾਂ ਵਿੱਚ ਨੂੜ ਕੇ ਆਰੇ ਨਾਲ ਦੁਫਾੜ ਕਰਨ ਤੋਂ ਪਹਿਲਾਂ ਉਸ ਨੇ ਇਹੋ ਮੰਗ ਮੰਗੀ ਕਿ ਮੇਰਾ ਮੂੰਹ ਜੋਤੀ ਸਰੂਪ ਗੁਰਦੇਵ ਵੱਲ ਮੋੜ ਦਿਉ, ਤਾਂ ਕਿ ਸਨਮੁੱਖ ਦੀਦਾਰ ਕਰਦਿਆਂ ਕਰਵਤ ਦੇ ਦੰਦਿਆਂ ਦੀ ਆਉ ਭਗਤ ਕਰਾਂ ਤੇ ਪ੍ਰੀਤਮ ਜੀ ਨੂੰ ਕਰਵਟ ਨਾ ਦਿਖਾਵਾਂ-

ਕਰਵਤੁ ਭਲਾ ਨ ਕਰਵਟ ਤੇਰੀ।।
ਲਾਗੁ ਗਲੇ ਸੁਨੁ ਬਿਨਤੀ ਮੇਰੀ।।....

— — — — — —

ਜਉ ਤਨੁ ਚੀਰਹਿ ਅੰਗੁ ਨ ਮੋਰਉ।।
ਪਿੰਡੁ ਪਰੈ ਤਉ ਪ੍ਰੀਤਿ ਨ ਤੋਰਉ।।੨।।੩੫।।

(ਆਸਾ ਕਬੀਰ ਜੀਉ, ੪੮੪)

ਹਜ਼ੂਰ ਦੇ ਪਾਵਨ ਨਾਮ ਵਿਚੋਂ ਦਿਵਯ ਜਯੋਤੀ ਸਖਸ਼ੀਅਤ ਦਾ ਝਲਕਾਰਾ ਡਲ੍ਹਕਾ ਮਾਰਦਾ ਹੈ। ਚੌਦਾਂ ਸਾਲ ਦੀ ਉਮਰ ਵਿੱਚ ਕਰਤਾਰਪੁਰ ਦੀ ਜੰਗ ਸਮੇਂ ਤਲਵਾਰ ਦੇ ਜੌਹਰ ਤੇ ਅਲੌਕਿਕ ਕਰਤੱਬ ਵਿਖਾਉਣ ਕਰਕੇ ਆਪ ਜੀ ਤਿਆਗ ਮੱਲ ਤੋਂ ਤੇਗ ਬਹਾਦਰ ਦੇ ਸੁਭਾਗੇ ਨਾਮ ਨਾਲ ਸੁਸ਼ੋਭਿਤ ਹੋਏ। ਫ਼ਾਰਸੀ ਦੇ ਇਹ ਦੋਨੋਂ ਸ਼ਬਦ, ਅਰਸ਼ੀ ਤੇ ਬੀਰ-ਰਸ ਗੁਣਾਂ ਦੀ ਸਾਕਾਰ ਮੂਰਤ ਪਹਿਲੀ ਵਾਰ ਆਪ ਜੀ ਦੀ ਹਸਤੀ ਨਾਲ ਜੁੜੇ। ਮਾਸੂਮ ਜਿੰਦੜੀਆਂ ਦੇ ਹਮਦਰਦ, ਹਕੂਮਤ ਦੀਆਂ ਧਮਕੀਆਂ ਤੋਂ ਬੇਬਾਕ, ਮਜ਼ਲੂਮਾਂ ਦੇ ਰਾਖੇ, ਅਨਾਥਾਂ ਦੀ ਬਾਂਹ, ਆਹਨ ਇਰਾਦੇ ਦੇ ਮਾਲਕ, ਚਿਹਰੇ ਤੇ ਨੂਰਾਨੀ ਚਮਕ ਦਮਕ, ਝੇਰਿਆਂ ਵਿਸੂਰਿਆਂ ਤੋਂ ਸੁਤੰਤਰ, ਮਨ ਵਿੱਚ ਸਦ-ਖੇੜਾ ਵਿਗਾਸ, ਸ਼ਮਸ਼ੀਰ ਦੇ ਧਨੀ ਗੁਣੀ ਨਿਧਾਨ ਗੁਰੂ ਤੇਗ ਬਹਾਦਰ ਸਾਹਿਬ ਦੇ ਕਿਹੜੇ ਕਿਹੜੇ ਗੁਣਾਂ ਨੂੰ ਇਨਸਾਨੀ ਜਿਹਬਾ ਕਥੇ ਵਖਾਣੇ।

ਬ੍ਰਹਮ ਗਿਆਨ ਦੇ ਤੱਤਾਂ ਵਿੱਚ ਨਵੀਨਤਾ ਦਾ ਰੰਗ ਭਰ ਕੇ ਅਧਿਆਤਮਵਾਦ ਵਿੱਚ ਇੱਕ ਇਨਕਲਾਬੀ ਵਾਧਾ ਕੀਤਾ ਜਦ ਆਪ ਜੀ ਦੇ ਮੁਖਾਰਬਿੰਦ ਨੇ ਇਹ ਸਲੋਕ ਉਚਾਰਨ ਕੀਤਾ-

ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ।।
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ।।੧੬।।

(ਪੰਨਾ ੧੪੨੭)

ਆਪ ਜੀ ਦਾ ਇਹ ਉਪਦੇਸ਼ ਜਾਦੂ ਬਣ ਕੇ ਹਿਰਦਿਆਂ ਵਿੱਚ ਵਸ ਗਿਆ ਤੇ ਨਾਲ ਇਹ ਵੀ ਦ੍ਰਿੜ੍ਹ ਕਰਾਇਆ ਕਿ ਬ੍ਰਹਮ ਗਿਆਨੀ ਦੀ ਆਤਮਾ ਪੱਥਰ ਵਾਂਗ ਕਠੋਰ ਨਹੀਂ ਕਿ ਉਹ ਮਜ਼ਲੂਮਾਂ ਦੇ ਹੌਕਿਆਂ ਦੀਆਂ ਗਰਮ ਲਾਟਾਂ ਨਾਲ ਪਿਘਲੇ ਨਾ ਬਲਕਿ ਏਨੀ ਦ੍ਰਵ ਜਾਂਦੀ ਹੈ ਕਿ 'ਸੰਤਨ ਦੁਖ ਪਾਏ ਤੇ ਦੁਖੀ' ਵਾਲੀ ਅਵਸਥਾ ਇੰਨ ਬਿੰਨ ਵਾਪਰ ਜਾਂਦੀ ਹੈ, ਪਰ ਇਹ ਪਾਵਨ ਆਤਮਾ ਦੁੱਖੀ ਹੋ ਕੇ ਆਰਾਮ ਨਾਲ ਨਹੀਂ ਬਹਿੰਦੀ, ਬਲਕਿ ਦੁੱਖ-ਹਰਤਾ ਦੇ ਰੂਪ ਵਿੱਚ ਜਗਤ ਦੇ ਸਗਲੇ ਦੁੱਖ ਨਿਵਾਰਨ ਕਰਦੀ ਹੈ।

ਇਉਂ ਬ੍ਰਹਮ ਗਿਆਨੀ ਦੀ ਪ੍ਰੀਭਾਸ਼ਾ ਵਿੱਚ ਗਿਆਨ, ਠਰੰਮੇ, ਧੀਰਜ, ਸਿਦਕ ਆਦਿ ਨਾਲ ਬੀਰ ਰਸ ਦਾ ਰੰਗ ਵੀ ਸ਼ਾਮਲ ਕਰ ਦਿੱਤਾ, ਜਿਸ ਦੇ ਸਦਕੇ ਨਿਰਬਲ ਤੇ ਨਿਤਾਣੀ ਲੋਕਾਈ ਦੇ ਦਿਲਾਂ ਵਿੱਚੋਂ ਕਾਇਰਤਾ ਨੂੰ ਹੂੰਝ ਕੇ ਬਾਹਰ ਸੁੱਟ ਦੇਣਾ ਬ੍ਰਹਮ ਗਿਆਨੀ ਦਾ ਵਿਸ਼ੇਸ਼ ਧਰਮ ਬਣ ਗਿਆ। ਦਸਮ ਗ੍ਰੰਥ ਵਿੱਚ ਫ਼ੁਰਮਾਨ ਹੈ-

ਧੀਰਜ-ਧਾਮ ਬਨਾਇ ਇਹੈ ਤਨ,
ਬੁਧਿ ਸੁ ਦੀਪਕ ਜਿਉ ਉਜੀਆਰੈ।।
ਗਿਆਨਹਿ ਕੀ ਬਢਨੀ ਮਨਹੁ
ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ।।੨੪੯੨।।

(ਸਵੈਯਾ ਕ੍ਰਿਸ਼ਨਾਵਤਾਰ)

ਦੁਖੀਆਂ ਦੇ ਦਰਦਮੰਦ, ਬੇਗੁਨਾਹਾਂ ਦੇ ਹਿਤੈਸ਼ੀ, ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਨਿਰਮਲ ਵਿਚਾਰਧਾਰਾ, ਪਰਉਪਕਾਰੀ ਭਾਵਨਾ, ਸੁਹਿਰਦ ਮਨੋਬਿਰਤੀ ਤੇ ਬਿਬੇਕੀ ਨਿਰਭੈਤਾ ਨੇ ਜਿਹੜੀ ਕਰਮਸ਼ੀਲ ਭੂਮਿਕਾ ਨਿਭਾਈ, ਉਸ ਤੋਂ ਧਰਮ ਯੁੱਧ ਦੇ ਸੰਘਰਸ਼ ਵਿੱਚ ਆਪਾ ਵਾਰਨ ਦੀ ਲਾ-ਜਵਾਬ ਸ਼ਹਾਦਤ ਦਾ ਮੁੱਢ ਬੱਝਾ। ਇਹ ਇੱਕ ਐਸਾ ਸਾਕਾ ਸੀ, ਜਿਸ ਵਿੱਚ ਗੁਰਸਿੱਖਾਂ ਨੇ ਪਹਿਲੀ ਵਾਰ, ਸਤਿਗੁਰੂ ਦੇ ਸਨਮੁੱਖ, ਪਾਵਨ ਹਜ਼ੂਰੀ ਵਿੱਚ ਦਿਲ-ਕੰਬਾਊ ਪ੍ਰੀਖਿਆ ਦੌਰਾਨ ਤਨ ਮਨ ਘੋਲ ਘੁਮਾ ਕੇ ਸੱਚੀ ਪ੍ਰੀਤੀ ਨਿਭਾਉਣ ਦੇ ਪੂਰਨੇ ਪਾਏ। ਬਚਿਤ੍ਰ ਨਾਟਕ ਵਿੱਚ ਇਸ ਸ਼ਹਾਦਤ ਦੀ ਉੱਚਤਾ ਦਾ ਵਰਨਣ ਆਪਣੇ ਸ਼ਬਦਾਂ ਵਿੱਚ ਇਉਂ ਕੀਤਾ ਹੋਇਆ ਹੈ-

ਠੀਕਰਿ ਫੋਰਿ ਦਿਲੀਸ ਸਿਰਿ, ਪ੍ਰਭ ਪੁਰ ਕੀਯਾ ਪਯਾਨ।।
ਤੇਗ ਬਹਾਦਰ ਸੀ ਕ੍ਰਿਆ, ਕਰੀ ਨ ਕਿਨਹੂੰ ਆਨਿ।।੧੫।।

(ਅਧਿ: ੫)

ਇਹੋ ਜਿਹੀ ਕਰਨੀ ਅੱਜ ਤੱਕ ਸੰਸਾਰ ਨੇ ਨਹੀਂ ਕੀਤੀ। ਸੱਚ ਦੇ ਪੁਜਾਰੀ ਦੀ ਸੱਚੀ ਆਵਾਜ਼ ਪੁਕਾਰਦੀ ਹੈ ਕਿ ਅਮਰ ਸ਼ਹਾਦਤ ਦੀ ਇਹ ਇਤਿਹਾਸਕ ਯਾਦਗਾਰ ਚਾਨਣ-ਮੁਨਾਰੇ ਦੇ ਰੂਪ ਵਿੱਚ ਗੁਰਸਿੱਖਾਂ ਨੂੰ ਅਣਖੀ ਜੀਵਨ ਜਿਉਣ ਲਈ ਪ੍ਰੇਰਤ ਕਰਦੀ ਆਈ ਹੈ ਤੇ ਪ੍ਰੇਰਰ ਕਰਦੀ ਰਹੇਗੀ। ਸਾਰਾ ਭਾਰਤ ਇਸ ਕੁਰਬਾਨੀ ਦਾ ਰਿਣੀ ਹੈ। ਇਹ ਨਿਰੋਲ ਪ੍ਰੇਮ ਦਾ ਸੌਦਾ ਹੈ, ਜਿਸ ਦਾ ਕਰਜ਼ਾ ਉਤਾਰਨਾ ਬੜਾ ਕਠਨ ਹੈ। OOOOO


www.AKJ.Org

# ਵੇਦਾ ਮਹਿ ਨਾਮੁ ਉਤਮੁ--------------।।

(ਮਨਮੋਹਨ ਸਿੰਘ ਕੈਲੀਫੋਰਨੀਆ, ਯੂ ਐਸ ਏ)

ਸ੍ਰੀ ਗੁਰੂ ਅਮਰਦਾਸ ਜੀ ਦੀ ਰਚਿਤ ਬਾਣੀ ਸ੍ਰੀ ਅਨੰਦੁ ਸਾਹਿਬ ਦੀ ੧੯ ਵੀ ਪਉੜੀ ਵਿਚ ਇਕ ਤੁਕ ਆਉਂਦੀ ਹੈ:-

ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ
ਫਿਰਹਿ ਜਿਉ ਬੇਤਾਲਿਆ।। (ਪੰਨਾ ੯੧੯)

ਇਸ ਮਹਾਨ ਗੁਰਵਾਕ ਦਾ ਅਰਥ ਬਹੁਤ ਸਾਰੇ ਟੀਕਾਕਾਰਾਂ ਨੇ ਇਸ ਤਰਾਂ ਕੀਤਾ ਹੈ:-

(ਚਾਰ) ਵੇਦਾਂ ਵਿਚ ਜੋ ਉਤਮ ਵਸਤੂ ਸੀ *"ਨਾਮੁ"*, ਜਾਂ ਜੋ ਵੇਦ ਆਦਿ ਪੁਸਤਕਾਂ ਵਿਚ ਪ੍ਰਭੂ ਨਾਮ ਜਪਣ ਦਾ ਉਪਦੇਸ਼ ਹੈ, ਉਹ ਤਾਂ (ਲੋਕ) ਸੁਣਦੇ ਨਹੀਂ ਤੇ ਭੂਤਨਿਆ ਵਾਂਗੂੰ ਪਏ ਫਿਰਦੇ ਹਨ।

ਇਸੇ ਤਰਾਂ ਇਕ ਹੋਰ ਗੁਰਵਾਕ ਹੈ:

ਸਿਧ ਸਾਧਿਕ ਦੇਵ ਮੁਨਿ ਜਨ
ਬੇਦ ਕਰਹਿ ਉਚਾਰੁ।।
ਸਿਮਰਿ ਸੁਆਮੀ ਸੁਖ ਸਹਜਿ ਭੁੰਚਹਿ
ਨਹੀ ਅੰਤੁ ਪਾਰਾਵਾਰੁ।। (ਪੰਨਾ: ੧੦੧੭)

ਇਸ ਦੁਤੁਕੀ ਦਾ ਅਰਥ ਏਸ ਤਰ੍ਹਾਂ ਕੀਤਾ ਪੜ੍ਹਿਆ ਹੈ:-

ਕਰਾਮਾਤੀ ਸਿੱਧ, ਅਭਿਆਸੀ ਮਨੁਖ, ਦੇਵਤੇ, ਮੁਨੀ ਜਨ ਵੀ ਤੇ ਵੇਦ ਵੀ ਉਸੇ (ਅਕਾਲਪੁਰਖ ਦੇ ਨਾਮ) ਦਾ ਉਚਾਰਨ ਕਰਦੇ ਹਨ। ਇਸ ਤਰ੍ਹਾਂ ਉਹ ਸਹਿਜ ਅਵਸਥਾ ਵਿੱਚ ਅਨੰਦ ਮਾਣਦੇ ਹਨ।

ਇਸੇ ਭਾਵ ਦੀਆਂ ਹੋਰ ਵੀ ਤੁਕਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਹਨ ਜਿਥੇ ਵੇਦਾਂ ਦਾ ਜ਼ਿਕਰ ਆਇਆ ਹੈ ਤੇ ਕੁੱਝ ਇਸ ਤਰ੍ਹਾਂ ਦੇ ਭਾਵਅਰਥ ਕੀਤੇ ਗਏ ਹਨ ਕਿ ਵੇਦਾਂ ਵਿੱਚ ਸੱਚ ਰੂਪੀ ਤੱਤ ਵਸਤੂ ਹੈ ਜਾਂ ਵੇਦ ਵੀ ਉਸੇ ਸੱਚ ਦਾ ਉਚਾਰਨ ਕਰਦੇ ਹਨ ਪਰ ਮਨੁੱਖ ਇਸ ਗੋਝ ਗੱਲ ਨੂੰ ਨਾ ਸਮਝ ਕੇ ਭੰਬਲ ਭੂਸੇ ਵਿੱਚ ਪੈ ਗਏ।

ਵੀਚਾਰ ਵਾਲੀ ਗੱਲ ਇਹ ਹੈ ਕਿ ਕੀ ਸੱਚ ਮੁੱਚ ਹੀ ਵੇਦਾਂ ਵਿੱਚ *"ਨਾਮ"* ਰੂਪ ਤੱਤ ਵਸਤੂ ਜਾਂ ਨਾਮ ਜਪਣ ਦਾ ਉਪਦੇਸ਼ ਹੈ ਜਿਸ ਨੂੰ ਵੇਦ ਵਾਚਿਕ ਤੇ ਪਾਠਕ ਲੱਭ ਹੀ ਨਾ ਸਕੇ ? ਅਤੇ ਇਸ *"ਸਤਿਨਾਮ"* ਰੂਪੀ ਸੱਚੀ ਵਸਤੂ ਨੂੰ ਛੱਡ ਕੇ ਹੋਰ ਕਰਮ ਕਾਂਡਾਂ ਵਿੱਚ ਪੈ ਕੇ ਆਪਣਾ ਜਨਮ ਹਰਾ ਦਿੱਤਾ ?

ਕਈ ਇੱਕ ਪੁਰਾਤਨ ਸਿੱਖ ਇਤਿਹਾਸਕਾਰਾਂ ਨੇ ਵੀ ਇਸ ਸੰਬੰਧੀ ਕਈ ਥਾਈਂ ਇਹ ਲਿਖਿਆ ਹੈ ਕਿ ਚਾਰੇ ਵੇਦ ਸੰਸਕ੍ਰਿਤ ਭਾਸ਼ਾ ਵਿੱਚ ਸਨ ਜਿਨ੍ਹਾਂ ਨੂੰ ਆਮ ਜਨਤਾ ਸਮਝ ਨਹੀਂ ਸੀ ਸਕਦੀ ਤੇ ਨਾ ਹੀ ਬ੍ਰਾਹਮਣ ਵਿਦਵਾਨ ਆਮ ਜਨਤਾ ਨੂੰ ਸੰਸਕ੍ਰਿਤ ਤੇ ਵੇਦ ਪੜ੍ਹਨ ਦੀ ਆਗਿਆ ਹੀ ਦਿੰਦੇ ਸਨ। ਇਸ ਲਈ ਵੇਦਾਂ ਦਾ ਤੱਤ ਗੁਰੂ ਨਾਨਕ ਸਾਹਿਬ ਨੇ ਆਮ ਪ੍ਰਚੱਲਤ ਬੋਲੀ ਵਿੱਚ ਆਮ ਜਨਤਾ ਤੱਕ ਪਹੁੰਚਾਇਆ। ਬਾਅਦ ਵਿੱਚ ਸਾਰੀ ਬਾਣੀ ਦੀ ਪੋਥੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿੱਚ ਪ੍ਰਗਟ ਹੋਈ। ਇਸੇ ਲਈ ਕਈ ਬ੍ਰਾਹਮਣ ਸੋਚਣੀ ਵਾਲੇ ਸਿੱਖ ਵਿਦਵਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪੰਜਵਾਂ ਵੇਦ ਵੀ ਆਖਣ ਲੱਗ ਪਏ।

ਇਸ ਤੁਕ ਵਿੱਚ *"ਮਹਿ"* ਸ਼ਬਦ ਦਾ ਅਰਥ *"ਵਿੱਚ"* ਕੀਤਾ ਗਿਆ ਹੈ ਤੇ ਭਾਵਅਰਥ ਇਹ ਲਿਆ ਗਿਆ ਹੈ ਕਿ ਬੇਦਾਂ *"ਵਿੱਚ"* ਨਾਮ ਰੂਪੀ ਉੱਤਮ ਵਸਤੂ ਹੈ ਜਿਸ ਨੂੰ ਮਨੁੱਖ ਜਾਣ ਨਹੀਂ ਸਕਿਆ ਤੇ ਤਾਂ ਹੀ ਭੂਤਾਂ ਵਾਂਗੂੰ ਭੰਬਲ ਭੂਸੇ ਖਾ ਰਿਹਾ ਹੈ। ਜੇ ਸੱਚ ਮੁੱਚ ਵੇਦਾ ਵਿੱਚ *"ਨਾਮ"* ਰੂਪੀ ਤੱਤ ਤੇ ਉੱਤਮ ਵਸਤੂ ਹੈ ਤਾਂ ਉਹ ਪ੍ਰਗਟ ਕਿਉਂ ਨਹੀਂ ਹੋਈ ? ਕੋਈ ਵੇਦ-ਵੇਤਾ, ਵਿਦਵਾਨ, ਰਿਸ਼ੀ ਆਦਿ ਉਸ ਨੂੰ ਲੱਭ ਕਿਉਂ ਨਹੀਂ ਸਕਿਆ ? ਇਹ ਵੀ ਸੋਚਣਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ "ਧੁਰ ਕੀ ਬਾਣੀ" ਵਿੱਚ ਵੇਦਾਂ ਸੰਬੰਧੀ ਹੇਠਲੇ ਮਹਾਂਵਾਕਾਂ ਦਾ ਕੀ ਭਾਵ ਰਹਿ ਜਾਂਦਾ ਹੈ ?

ਬੇਦ ਬਾਦਿ ਸਭਿ ਆਖਿ ਵਖਾਣਹਿ।।
ਨ ਅੰਤਰੁ ਭੀਜੈ ਨ ਸਬਦੁ ਪਛਾਣਹਿ।।
(ਪੰਨਾ ੧੦੫੦)

ਬੇਦ ਸਾਸਤ੍ਰ ਜਨ ਧਿਆਵਹਿ
ਤਰਣ ਕਉ ਸੰਸਾਰੁ।।
ਕਰਮ ਧਰਮ ਅਨੇਕ ਕਿਰਿਆ,
ਸਭ ਊਪਰਿ ਨਾਮੁ ਅਚਾਰੁ।। (ਪੰਨਾ ੪੦੫)

(ਇੱਕ ਪਾਸੇ ਤਾਂ ਅਸੀਂ ਕਹਿੰਦੇ ਹਾਂ ਕਿ ਬੇਦਾ ਵਿੱਚ ਉੱਤਮ ਵਸਤੂ ਨਾਮ ਹੈ ਪਰ ਮਨੁੱਖ ਉਸ ਵੱਲ ਧਿਆਨ ਨਹੀਂ ਦਿੰਦਾ ਤੇ ਦੂਜੇ ਪਾਸੇ ਮਹਾਂਵਾਕ


www.AKJ.Org

ਅਨੁਸਾਰ ਬੇਦਾਂ ਸਾਸਤ੍ਰਾਂ ਵਿੱਚ ਦ੍ਰਿੜਾਏ ਨੇਕ ਕਰਮਾਂ ਧਰਮਾਂ ਨਾਲੋਂ ਸਤਿ-ਨਾਮ ਰੂਪੀ ਆਚਾਰ ਬਹੁਤ ਹੀ ਉੱਚਾ ਦਸਿਆ ਹੈ।)

ਚਤੁਰ ਬੇਦ ਮੁਖ ਬਚਨੀ ਉਚਰੈ,
ਆਗੈ ਮਹਲੁ ਨ ਪਾਈਐ।।
ਬੂਝੈ ਨਾਹੀ ਏਕੁ ਸੁਧਾਖਰੁ,
ਓਹੁ ਸਗਲੀ ਝਾਖ ਝਖਾਈਐ।। (ਪੰਨਾ ੨੧੬)
ਜਨਮਿ ਮਰੈ ਤ੍ਰੈ ਗੁਣ ਹਿਤਕਾਰੁ।।
ਚਾਰੇ ਬੇਦ ਕਥਹਿ ਆਕਾਰੁ।। (ਪੰਨਾ ੧੫੪)

ਹੋਰ ਤਾਂ ਹੋਰ, ਗੁਰਬਾਣੀ ਵਿੱਚ ਤਾਂ ਇੱਥੋ ਤੱਕ ਲਿਖਿਆ ਹੈ ਕਿ ਜਿਸ ਬ੍ਰਹਮੇ ਦੇ ਰਾਹੀਂ ਬੇਦ ਬਾਣੀ ਪ੍ਰਗਟ ਹੋਈ ਉਹ ਵੀ ਸੱਚੇ ਨਾਮ ਰੂਪੀ ਹੁਕਮ ਦੀ ਪਛਾਣ ਨਾ ਕਰ ਸਕਿਆ ਤੇ ਬੇਦ ਪੜ੍ਹ ਪੜ੍ਹ ਕੇ ਐਵੇਂ ਆਪਣਾ ਜਨਮ ਗਵਾ ਲਿਆ :-

ਬੇਦ ਪੜੇ ਪੜਿ ਬ੍ਰਹਮੇ ਜਨਮੁ ਗਵਾਇਆ।।
(ਪੰਨਾ ੪੭੮)

ਬ੍ਰਹਮੈ ਬੇਦ ਬਾਣੀ ਪਰਗਾਸੀ,
ਮਾਇਆ ਮੋਹ ਪਸਾਰਾ।। (ਪੰਨਾ ੫੫੯)
ਬ੍ਰਹਮਾ ਵੇਦੁ ਪੜੈ ਵਾਦੁ ਵਖਾਣੈ।।
ਅੰਤਰਿ ਤਾਮਸੁ ਆਪੁ ਨ ਪਛਾਣੈ।।
ਤਾ ਪ੍ਰਭੁ ਪਾਏ ਗੁਰ ਸਬਦੁ ਵਖਾਣੈ।।
(ਪੰਨਾ ੨੩੧)

ਹੋਰ ਭੀ ਇਸ ਤਰ੍ਹਾਂ ਦੇ ਕਈ ਗੁਰਵਾਕ ਮਿਲਦੇ ਹਨ ਜਿਨ੍ਹਾਂ ਵਿੱਚ ਸਾਫ਼ ਦਰਸਾਇਆ ਗਿਆ ਹੈ ਕਿ ਬ੍ਰਹਮਾ ਭੀ ਵੇਦਾਂ ਵਿਚੋਂ ਸਤਿਨਾਮ ਰੂਪੀ ਤੱਤ ਵਸਤੂ ਨੂੰ ਨਾ ਜਾਨਣ ਕਰਕੇ ਜਨਮ ਮਰਨ ਦੇ ਗੇੜ ਤੋਂ ਨਾ ਬਚ ਸਕਿਆ। ਸੰਸਕ੍ਰਿਤ ਤੋਂ ਅਨਜਾਣ ਜਨਤਾ ਤੋਂ ਤਾਂ ਵੇਦਾਂ ਵਿਚੋਂ ਉੱਤਮ ਵਸਤੂ *"ਨਾਮ"* ਨੂੰ ਲੱਭ ਸਕਣ ਦੀ ਉਮੀਦ ਹੀ ਕੀ ਹੋ ਸਕਦੀ ਹੈ ? ਪਰ ਬ੍ਰਹਮਾ ਵਰਗੇ ਵੇਦਾਂ ਨੂੰ ਪ੍ਰਗਟ ਤੇ ਪਰਸਾਰ ਕਰਨ ਵਾਲੇ ਦੇਵਤਿਆਂ ਨੂੰ ਉਹ ਉੱਤਮ ਵਸਤੂ ਵੇਦਾਂ ਵਿੱਚੋਂ ਨਾ ਲੱਭੀ, ਇਹ ਕਿਵੇਂ ਹੋ ਸਕਦਾ ਹੈ ? ਸੋ ਸਪੱਸ਼ਟ ਹੈ ਕਿ ਵੇਦਾਂ ਵਿੱਚ ਨਾਮ ਰੂਪੀ ਉੱਤਮ ਵਸਤੂ ਹੈ ਹੀ ਨਹੀਂ। ਇਸ ਲਈ ਅਨੰਦੁ ਸਾਹਿਬ ਵਾਲੀ ਇਸ ਤੁਕ ਦਾ ਇਹ ਅਰਥ ਨਹੀਂ ਹੋ ਸਕਦਾ ਕਿ ਵੇਦਾਂ *"ਵਿੱਚ"* ਜੋ ਉੱਤਮ ਵਸਤੂ ਨਾਮ ਹੈ ਉਹ ਮਨੁੱਖ ਸੁਣਦਾ ਹੀ ਨਹੀਂ।

ਇਸ ਅਰਥ ਦਾ ਕਾਰਨ ਅਖਰ *"ਮਹਿ"* ਹੈ ਜਿਸ ਦਾ ਅਰਥ ਆਮ ਤੌਰ ਤੇ *"ਵਿੱਚ"* ਹੈ ਤੇ ਇਸ ਅਰਥ ਵਿੱਚ ਇਹ ਅੱਖਰ ਗੁਰਬਾਣੀ ਵਿੱਚ ਬਹੁਤ ਥਾਈਂ ਵਰਤਿਆ ਗਿਆ ਹੈ। ਪਰ ਕੇਵਲ ਇਸ ਲਈ ਕਿ ਇਹ ਅੱਖਰ ਇਨ੍ਹਾਂ ਅਰਥਾਂ ਵਿੱਚ ਆਮ ਵਰਤਿਆ ਗਿਆ ਹੈ, ਇਹ ਕਹਿਣਾ ਕਿ ਇਥੇ ਵੀ ਇਸ ਦਾ ਇਹੀ ਅਰਥ ਹੋ ਸਕਦਾ ਹੈ, ਠੀਕ ਨਹੀਂ ਭਾਸਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਹੋਰ ਵੀ ਕਈ ਅੱਖਰ ਐਸੇ ਮਿਲਦੇ ਹਨ ਜਿਨ੍ਹਾਂ ਦਾ ਵੱਖੋ ਵੱਖ ਸ਼ਬਦਾਂ ਵਿੱਚ ਵੱਖੋ ਵੱਖ ਅਰਥ ਹੈ ਭਾਵੇਂ ਸਭ ਥਾਵਾਂ ਤੇ ਲਗਾਂ ਮਾਤ੍ਰਾਂ ਅਨੁਸਾਰ ਉਨ੍ਹਾਂ ਦੀ ਬਣਤਰ ਐਨ ਇਕੋ ਜਿਹੀ ਹੈ। ਕੁਝ ਕੁ ਉਦਾਹਰਨਾਂ ਹੇਠ ਦਿੱਤੀਆਂ ਜਾਂਦੀਆਂ ਹਨ:-

| ਅੱਖਰ | ਅਰਥ | ਤੁਕ ਤੇ ਪੰਨਾ |
|---|---|---|
| ਤੇ | ਤੋਂ | ਜਮ ਕੋ ਡੰਡੁ ਪਰਿਓ ਸਿਰ ਊਪਰਿ ਤਬ ਸੋਵਤ ਤੈ ਜਾਗਿਓ।।(੧੦੦੮) (ਸੁੱਤੇ ਹੋਏ ਤੋਂ ਜਾਗ ਪਿਆ) |
| | ਤਿਸ ਨੂੰ | ਸਭ ਨਦਰੀ ਅੰਦਰਿ ਵੇਖਦਾ ਜੈ ਭਾਵੈ ਤੈ ਦੇਇ।। (੩੬) |
| | ਥਾਂ | ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ।। (੪੭੨) |
| | ਅਤੇ | ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ।। (੪੭੧) |
| | ਤੈਸੀ | ਥਾਲੈ ਵਿਚਿ ਤੈ ਵਸਤੂ ਪਈਓ ਹਰਿ ਭੋਜਨੁ ਅੰਮ੍ਰਿਤੁ ਸਾਰੁ।। (੬੪੫) |
| ਮੋਹਿ | ਮੈਨੂੰ | ਮੋਹਿ ਸੰਤਹ ਟਹਲ ਦੀਜੈ ਗੁਣਤਾਸਿ।। (੩੯੨) |
| | ਮੇਰੇ | ਮੋਹਿ ਅਵਗਨ ਪ੍ਰਭੁ ਸਦਾ ਦਇਆਲਾ ਮੋਹਿ ਨਿਰਗੁਨਿ ਕਿਆ ਚਤੁਰਾਈ।। (੧੨੬੭) |
| | ਸਨੇਹ ਵਿੱਚ | ਮੋਹਿ ਪਚੇ ਪਚਿ ਅੰਧਾ ਮੂਆ।। (੩੯੨) |
| | ਮੈਂ | ਉਨ ਕੈ ਸੰਗਿ ਮੋਹਿ ਪ੍ਰਭੁ ਚਿਤਿ ਆਵੈ, ਸੰਤ ਪ੍ਰਸਾਦਿ ਮੋਹਿ ਜਾਗੀ।। (੧੨੬੭) (ਇਸ ਤੁਕ ਵਿਚ ਪਹਿਲੇ *"ਮੋਹਿ"* ਦੇ ਅਰਥ ਹਨ *'ਮੈਨੂੰ"* ਤੇ ਦੂਜੇ *"ਮੋਹਿ"* ਦੇ ਅਰਥ ਹਨ *"ਮੈਂ"*) |



www.AKJ.Org

| | | |
|---|---|---|
| ਕੇ | ਨੂੰ | ਸਭੁ ਕੇ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ।। (੬੭੧) |
| | ਦਾ | ਰਾਮ ਕੋ ਬਲੁ ਪੂਰਨ ਭਾਈ।। (੨੦੨) |
| | ਕੌਣ | ਕੇ ਕੇ ਨ ਬਿਗੂਤੇ ਮੈ ਕੋ ਆਹਿ।। (੧੧੯੪) |
| | ਕੋਈ | ਕਬੀਰਾਂ ਹਮਰਾ ਕੋ ਨਹੀ ਹਮ ਕਿਸ ਹੂ ਕੇ ਨਾਹਿ।। (੧੩੭੬) |
| ਮੈਂ | ਮੈਨੂੰ | ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ।। (੨) |
| | ਮੇਰੇ | ਮੈ ਊਪਰਿ ਨਦਰਿ ਕਰੀ ਪਿਰਿ ਸਾਚੈ |
| | ਮੈਂ | ਮੈ ਛੋਡਿਅੜਾ ਮੇਰਾ ਤੇਰਾ।। (੫੬੧) |
| ਕੈ | ਦੇ | ਸੁਇਨੇ ਕੈ ਪਰਬਤਿ ਗੁਫਾ ਕਰੀ, |
| | ਜਾਂ | ਕੈ ਪਾਣੀ ਪਇਆਲਿ।। (੧੩੯) |
| | | (ਇਸ ਤੁਕ ਵਿੱਚ ਪਹਿਲੇ *"ਕੈ"* ਤੇ ਅਰਥ ਹਨ *"ਦੇ"*, ਤੇ ਦੂਜੇ *"ਕੈ"* ਦੇ ਅਰਥ ਹਨ *"ਜਾਂ"*) |
| | ਕਿਸ | ਕੈ ਪਹਿ ਕਰਉ ਅਰਦਾਸਿ ਬੇਨਤੀ ਜਉ ਸੁਨਤੋ ਹੈ ਰਘੁਰਾਇਓ।। (੨੦੫) |
| | ਕਿਹੜੇ | ਕੈ ਦੇਖੜੇ ਸੜਿਓਹਿ ਕਾਲੀ ਹੋਈਆ ਦੇਹੁਰੀ ਨਾਨਕ ਮੈ ਤਨਿ ਭੰਗੁ।। (੧੪੧੨) |

ਸੋ ਇਹ ਸਪਸ਼ਟ ਹੋ ਗਿਆ ਕਿ ਇਕੋ ਅਖਰ ਕਈ ਥਾਈਂ ਵੱਖੋ ਵੱਖ ਅਰਥਾਂ ਵਿੱਚ ਵਰਤਿਆ ਗੁਰਬਾਣੀ ਵਿੱਚ ਮਿਲਦਾ ਹੈ ਤੇ ਉਹ ਅਰਥ ਅਸਾਂ ਲੱਭਣਾ ਹੈ ਕਿ ਗੁਰਮਤਿ ਦੇ ਮੂਲ ਆਸ਼ੇ ਤੇ ਸ਼ਬਦ ਦੇ ਸਮੁੱਚੇ ਭਾਵ ਨੂੰ ਮੁੱਖ ਰੱਖ ਕੇ।

ਉਪਰ ਲਿਖੀ ਵਿਚਾਰ ਅਨੁਸਾਰ ਹੁਣ ਵੀਚਾਰ ਕਰੀਏ ਕਿ 'ਵੇਦਾ ਮਹਿ ਨਾਮ ਉਤਮੁ ਸੋ ਸੁਣਹਿ ਨਾਹੀ' ਤੁਕ ਵਿੱਚ *"ਮਹਿ"* ਦਾ ਕੀ ਅਰਥ ਗੁਰਮਤਿ ਆਸ਼ੇ ਅਨੁਸਾਰ ਬਣ ਸਕਦਾ ਹੈ ? ਇਹ ਤਾਂ ਪਹਿਲੇ ਦਿਤੇ ਗੁਰ ਪਰਮਾਣਾਂ ਰਾਹੀਂ ਸਪੱਸ਼ਟ ਹੋ ਹੀ ਚੁੱਕਾ ਹੈ ਕਿ ਚਾਰ ਵੇਦਾਂ ਵਿੱਚ ਜਾਂ ਉਨ੍ਹਾਂ ਦੇ ਆਧਾਰ ਤੇ ਰਚੇ ਸ਼ਾਸਤ੍ਰਾਂ ਤੇ ਸਿਮਰਤੀਆਂ ਵਿੱਚ ਨਾਮ ਉੱਕਾ ਹੀ ਮੌਜੂਦ ਨਹੀਂ। ਇਹ ਵੇਦ ਸ਼ਾਸਤ੍ਰ ਆਦਿ ਤਿਨਾਂ ਗੁਣਾਂ ਵਿੱਚ ਹੀ ਮਹਿਦੂਦ ਹਨ ਤੇ ਸਤਿਨਾਮ ਚੌਥੇ ਤੁਰੀਆ-ਗੁਣ ਦੀ ਤੱਤ ਵਸਤੂ ਹੈ। ਸੋ ਸਪਸ਼ਟ ਤੌਰ ਤੇ ਇਥੇ ਵਰਤੇ ਅੱਖਰ *"ਮਹਿ"* ਦਾ ਅਰਥ ਹੈ *"ਤੋਂ"*, *"ਨਾਲੋਂ"* ਜਾਂ *"ਵਿਚੋਂ"*। ਸੋ ਤੁਕ ਦਾ ਅਰਥ ਇਸ ਤਰ੍ਹਾਂ ਬਣਦਾ ਹੈ ਕਿ ਬੇਦਾਂ ਨਾਲੋਂ ਜਾਂ ਬੇਦਾਂ ਤੋਂ ਵੀ ਉੱਤਮ ਸਤਿਨਾਮ ਹੈ। ਜਾਂ ਜਿਸ ਤਰ੍ਹਾਂ ਕਿ ਪੁਸਤਕ *"ਗੁਰਬਾਣੀ ਦੀਆਂ ਲਗਾਂ ਮਾਤ੍ਰਾਂ ਦੀ ਵਿਲੱਖਣਤਾ"* ਵਿੱਚ ਪੰਨਾ ੩੬੫ ਤੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਅਰਥ ਕੀਤਾ ਹੈ :-

ਸਾਰੇ ਬੇਦਾਂ ਵਿਚੋਂ ਨਾਮ ਰੂਪੀ ਬੇਦ ਹੀ ਸਭ ਤੋਂ ਸ਼ਿਰੋਮਣੀ ਹੈ।

ਇਸੇ ਤਰ੍ਹਾਂ ਆਸਾ ਦੀ ਵਾਰ ਵਿਚ ਸਤਵੇਂ ਛੰਤ ਤੋਂ ਪਿਛੋਂ ਮਹਲਾ ੨ ਦਾ ਸਲੋਕ ਹੈ :-

ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ।।
(ਪੰਨਾ ੪੬੬)

ਇਸ ਵਿੱਚ ਵੀ ਅੱਖਰ *"ਮਾਹਿ"* ਦਾ ਅਰਥ *"ਵਿੱਚ"* ਜਾਂ *"ਅੰਦਰ"* ਨਹੀਂ ਹੋ ਸਕਦਾ ਕਿਉਂਕਿ ਹਉਮੈ ਦੇ ਵਿੱਚ ਜਾਂ ਅੰਦਰ ਤਾਂ ਹਉਮੈ ਰੋਗ ਦੀ ਦਵਾਈ ਮਿਲ ਹੀ ਨਹੀਂ ਸਕਦੀ। ਇਸ ਤੁਕ ਦਾ ਭਾਵ ਕੁਝ ਇਸ ਤਰ੍ਹਾਂ ਦਾ ਹੋ ਸਕਦਾ ਹੈ ਕਿ ਹਉਮੈ ਵਰਗੇ ਦੀਰਘ ਰੋਗ ਦਾ ਦਾਰੂ ਭੀ ਹੈ। ਉਹ ਕਿਹੜਾ ਦਾਰੂ ਹੈ, ਉਹ ਅਗਲੀਆਂ ਦੋ ਤੁਕਾਂ ਵਿੱਚ ਦਰਸਾਇਆ ਗਿਆ ਹੈ :-

ਕਿਰਪਾ ਕਰੇ ਜੇ ਆਪਣੀ
ਤਾ ਗੁਰ ਕਾ ਸਬਦੁ ਕਮਾਹਿ।।
ਨਾਨਕੁ ਕਹੈ ਸੁਣਹੁ ਜਨਹੁ
ਇਤੁ ਸੰਜਮਿ ਦੁਖ ਜਾਹਿ।। (ਪੰਨਾ ੪੬੬)

ਜੇ ਅਕਾਲਪੁਰਖ ਕਿਰਪਾ ਕਰੇ ਤੇ ਸੱਚੇ ਗੁਰੂ ਕੋਲੋਂ ਸਬਦੁ (ਸਤਿਨਾਮ ਗੁਰਮੰਤ੍ਰ) ਲੈ ਕੇ ਉਸ ਦੀ ਕਮਾਈ ਕਰੇ ਤਾਂ ਇਸ ਢੰਗ ਨਾਲ ਇਹ ਹਉਮੈ ਦੇ ਦੀਰਘ ਰੋਗ ਦਾ ਦੁੱਖ ਦੂਰ ਹੋ ਸਕਦਾ ਹੈ।

ਗੁਰਬਾਣੀ ਅਗਾਧ ਬੋਧ ਹੈ। ਤੁਛ ਬੁਧੀ ਅਨੁਸਾਰ ਸਤਿਗੁਰੂ ਜੀ ਦੀ ਓਟ ਲੈ ਕੇ ਉਪਰ ਲਿਖੇ ਵਿਚਾਰ ਪੇਸ਼ ਕਰ ਦਿੱਤੇ ਹਨ। ਭੁੱਲ ਚੁੱਕ ਲਈ ਸਤਿਗੁਰੂ ਜੀ ਤੇ ਗੁਰੂ ਪੰਥ ਤੋਂ ਖਿਮਾ ਤੇ ਸੱਚੀ ਸੋਝੀ ਦੀ ਪ੍ਰਾਪਤੀ ਦਾ ਜਾਚਕ ਹਾਂ।

OOOOO



www.AKJ.Org

## ਭਾਈ ਸਾਹਿਬ ਭਾਈ ਰਣਧੀਰ ਸਿੰਘ ਪਾਠ ਉਤਸ਼ਾਹਿਤ ਸਕੀਮ

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਉਪਰੋਕਤ ਸਕੀਮ ਅਧੀਨ 25 ਸਾਲ ਤੱਕ ਦੀ ਉਮਰ ਦੇ ਬੱਚਿਆਂ ਦੀ ਲੜੀਵਾਰ ਸਰੂਪ ਤੋਂ ਸ਼ੁੱਧ ਪਾਠ ਕਰਨ ਦੀ ਯੋਗਤਾ ਦਾ 'ਪਰਖ ਸਮਾਗਮ' ਲੁਧਿਆਣਾ ਵਿਖੇ ਪੋਹ ਸੁਦੀ ਸਪਤਮੀ ਦੇ ਕੇਂਦਰੀ ਸਮਾਗਮ ਦੌਰਾਨ ਮਿਤੀ 14-1-97 ਦੁਪਹਿਰ ਤੋਂ ਬਾਅਦ ਹੋਵੇਗਾ। ਇਸ ਵਿੱਚ ਭਾਗ ਲੈਣ ਦੇ ਇੱਛਕ ਤਿਆਰ ਬਰ ਤਿਆਰ ਸਿੰਘ/ਬੀਬੀਆਂ ਲੋੜੀਂਦੇ ਫਾਰਮ ਹੇਠ ਲਿਖੇ ਪਤੇ ਤੋਂ ਮੰਗਵਾ ਕੇ ਚੰਗੀ ਤਰ੍ਹਾਂ ਭਰ ਕੇ ਵਾਪਸ ਉਸੇ ਪਤੇ ਤੇ 5 ਜਨਵਰੀ 1997 ਤੱਕ ਭੇਜ ਦੇਣ। ਫਾਰਮ ਭੇਜਣ ਵਾਲੇ ਬੱਚੇ ਲੜੀਵਾਰ ਸਰੂਪ ਤੋਂ ਘੱਟੋ ਘੱਟ 30 ਪੰਨੇ ਪ੍ਰਤੀ ਘੰਟਾ ਪਾਠ ਕਰ ਸਕਣ ਦੀ ਯੋਗਤਾ ਰੱਖਦੇ ਹੋਣ।

ਦਾਸ :- ਸਕੱਤਰ, ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ
23-ਜੀ, ਸਰਾਭਾ ਨਗਰ, ਲੁਧਿਆਣਾ।

## ਸੂਰਾ ਪੱਤਰ ਨੂੰ ਪੁੱਜੀ ਸਹਾਇਤਾ

| | | | |
|---|---|---|---|
| ਭਾਈ ਰਿਪੁਦਮਨ ਸਿੰਘ ਮਲਿਕ | ੫੦੦੦/- | ਬੀਬੀ ਪਰਮਜੀਤ ਕੌਰ (ਚੜ੍ਹਾਵਾ) | ੩੦੦/- |
| ਸ੍ਰ: ਕਰਤਾਰ ਸਿੰਘ ਗਰੀਬ ਲੁਧਿਆਣਾ | ੨੧/- | ਬੀਬੀ ਰਾਜਵੰਤ ਕੌਰ | ੨੫੦/- |
| ਸ਼ਹੀਦਾਂ ਦੀ ਯਾਦ ਵਿੱਚ ਸੰਗਤ ਲੁਧਿਆਣਾ | ੧੫੧/- | ਸ੍ਰ: ਕੁਲਦੀਪ ਸਿੰਘ ਦਿੱਲੀ | ੧੧੦੦/- |
| ਸ੍ਰ: ਜੋਗਿੰਦਰ ਸਿੰਘ ਲੁਧਿਆਣਾ | ੧੮੨/- | ਗੁਪਤ | ੧੦੦੦/- |
| ਸ੍ਰ: ਗੁਰਚਰਨ ਸਿੰਘ ਵਾਰਾਨਸੀ | ੩੮੦/- | ਸ੍ਰ: ਸੰਤ ਸਿੰਘ ਜੀ | ੫੦/- |
| ਬੀਬੀ ਕੁਲਦੀਪ ਕੌਰ | ੫੦/- | ਬੀਬੀ ਕੁਲਦੀਪ ਕੌਰ ਗੁਪਤ | ੧੦੦/- |
| ਸ੍ਰ: ਗੁਰਦੀਪ ਸਿੰਘ | ੪੩/- | ਸ੍ਰ: ਜਤਿੰਦਰ ਸਿੰਘ | ੧੦੧/- |
| ਸ੍ਰ: ਹਰਦੇਵ ਸਿੰਘ | ੧੦੦੦/- | ਗੁਪਤ | ੫੦੦/- |
| ਬੀਬੀ ਗੁਰਸ਼ਰਨ ਕੌਰ | ੧੦੦/- | ਸ੍ਰ: ਮੱਖਣ ਸਿੰਘ ਦੇ ਭੋਗ ਤੇ ਚੜ੍ਹਾਵਾ | ੮੬੧/- |
| ਸ੍ਰ: ਅਮਰਜੀਤ ਸਿੰਘ (ਚੜ੍ਹਾਵਾ) | ੧੦੦/- | ਸ੍ਰ: ਜਗਜੀਵਨ ਸਿੰਘ | ੫੦/- |

## ਫਰੀ ਲਿਟਰੇਚਰ ਫੰਡ ਲਈ ਪੁੱਜੀ ਸਹਾਇਤਾ

| | | | |
|---|---|---|---|
| ਸ੍ਰ: ਮਨਿੰਦਰ ਸਿੰਘ ਜੀ | ੫੦੦/- | ਰਾਇਲ ਬੈਰਿੰਗ ਕੰਪਨੀ | ੮੦੦/- |
| ਹੰਸਪਾਲ ਡਾਈ ਮੇਕਰ | ੧੦੨/- | ਸ੍ਰ: ਇਕਬਾਲ ਸਿੰਘ | ੫੦/- |
| ਗੁਪਤ | ੨੦੦੦/- | ਬੀਬੀ ਗੁਰਬਚਨ ਕੌਰ | ੧੦੦/- |
| ਗੁਪਤ | ੩੦੦੦/- | ਅਮਰਦੀਪ ਸਿੰਘ | ੧੫੦੦/- |
| ਗੁਪਤ | ੨੫੦੦/- | ਸ੍ਰ: ਤਰਲੋਕ ਸਿੰਘ | ੫੦੦/- |
| ਗੁਪਤ | ੪੦੦੦/- | ਗੁਪਤ | ੧੩੦੦/- |
| ਗੁਪਤ | ੩੫੦੦/- | ਸ੍ਰ: ਅਵਤਾਰ ਸਿੰਘ ਜੀ | ੫੦/- |
| ਗੁਪਤ | ੫੦੦/- | ਗੁਪਤ | ੫੦੦/- |
| ਗੁਪਤ | ੨੫੦੦/- | | |

ਹਰ ਬੁੱਧਵਾਰ, ਸੰਗ੍ਰਾਂਦ ਅਤੇ ਗੁਰਪੁਰਬਾਂ ਤੇ ਸ਼ਾਮ 7ਤੋਂ 8 ਵਜੇ ਤੱਕ ਕੀਰਤਨ ਸਮਾਗਮ H.No. 1470 Sector 43-B, ਚੰਡੀਗੜ੍ਹ ਵਿਖੇ। ਆਇ ਜੁੜੋ ਜੀ।

ਗੁ: ਸਾਹਿਬ, 'ਪੱਤੀ ਗਿਲ' ਪਿੰਡ ਸੁਧਾਰ ਜ਼ਿਲਾ ਲੁਧਿਆਣਾ ਵਿਖੇ ਰੈਣਿ ਸਬਾਈ ਕੀਰਤਨ 14 ਦਸੰਬਰ ਰਾਤ ਨੂੰ ਹੋਣਗੇ।

www.AKJ.Org

Regd. No./12245/66 SURA/DECEMBER/96 P.O. Regd. No. PB/LD/121/9

## ਪਾਠਕਾਂ ਪ੍ਰਤੀ ਅਤਿ ਜ਼ਰੂਰੀ ਸੂਚਨਾ

1. ਸੂਰਾ ਮਾਸਿਕ ਪੱਤਰ ਵਿੱਚ ਛਪਵਾਉਣ ਲਈ, ਕਿਸੇ ਸਮਾਗਮ ਸਬੰਧੀ ਜਾਂ ਕੋਈ ਵੀ ਹੋਰ ਸੂਚਨਾ ਪਰਚੇ ਨਾ ਸੰਬੰਧਤ ਮਹੀਨੇ ਤੋਂ ਪਹਿਲੇ ਮਹੀਨੇ ਦੀ ਇਕ ਤਰੀਖ ਤੱਕ 'ਸੂਰਾ' ਦੇ ਉਪ-ਦਫ਼ਤਰ (ਗੁਰਦੁਆਰਾ ਸ੍ਰੀ ਗੁਰੂ ਸਿੰ ਸਭਾ, ਮਾਡਲ ਟਾਊਨ, ਲੁਧਿਆਣਾ) ਵਿਚ ਪਹੁੰਚ ਜਾਣੀ ਚਾਹੀਦੀ ਹੈ। ਭਾਵ ਕਿ ਫਰਵਰੀ ਦੇ ਪਰਚੇ ਵਿਚ ਛਪ ਲਈ ਸੂਚਨਾ ਇਕ ਜਨਵਰੀ ਤੱਕ ਪਹੁੰਚ ਜਾਣੀ ਚਾਹੀਦੀ ਹੈ। ਇਸ ਤੋਂ ਬਾਅਦ ਪਹੁੰਚਣ ਵਾਲੀ ਸੂਚਨਾ ਕਿਸੇ ਵੀ ਹਾਲਤ ਵਿੱਚ ਛਪ ਨਹੀਂ ਸਕੇਗੀ। 2. ਸੂਰਾ ਵਿੱਚ ਛਾਪਣ ਲਈ ਕੋਈ ਵੀ ਸੂਚਨਾ ਸਿੱਧੀ 'ਸੂਰਾ' ਦਫ਼ਤ ਭੇਜੋ ਜਾਂ ਕੀਰਤਨ ਸਮਾਗਮਾਂ ਤੇ ਸੂਰਾ ਸਟਾਲ ਤੇ ਨੋਟ ਕਰਵਾਓ। ਹੋਰ ਕਿਸੇ ਵਿਅਕਤੀ ਵਿਸ਼ੇਸ਼ ਨੂੰ ਭੇਜੀ ਸੂਚਨਾ ਨਾ ਛਪਣ ਤੇ ਸੂਰਾ ਦਫ਼ਤਰ ਜਿੰਮੇਵਾਰ ਨਹੀਂ ਹੋਵੇਗਾ। ਸੰਪਾਦਕ

---

ਮਾਸਿਕ ਰੈਣਿ ਸਬਾਈ ਕੀਰਤਨ ਗੁ: ਸਾਹਿਬ ਪਿੰਡ ਸਿਧਵਾਂ ਖੁਰਦ (ਕਾਲਜ ਵਾਲਾ) ਲੁਧਿਆਣੇ ਵਿਖੇ 7 ਦਸੰਬਰ ਰਾਤ ਨੂੰ
ਅੰਬਾਲਾ ਕੈਂਟ ਬੀਬੀ ਗੋਬਿੰਦ ਕੌਰ ਦੇ ਗ੍ਰਹਿ 43ਮ ਗੋਬਿੰਦ ਨਗਰ ਵਿਖੇ ਰੈਣਿ ਸਬਾਈ ਕੀਰਤਨ 7 ਦਸੰਬਰ ਰਾਤ
ਗ੍ਰਹਿ ਭਾਈ ਕਰਮ ਸਿੰਘ ਪਿੰਡ ਧਾਮੀਆਂ ਛੋਟੀਆਂ ਨੇੜੇ ਬੁਲੋਵਾਲ ਵਿਖੇ ਰੈਣਿ ਸਬਾਈ ਕੀਰਤਨ 7 ਦਸੰਬਰ ਰਾਤ

---

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਵਸ ਤੇ ਸਾਲਾਨਾ ਕੇਂਦਰੀ ਕੀਰਤਨ ਸਮਾਗਮ ਬੰਗਾ ਵਿਖੇ ਅਖੰਡ ਕੀਰਤਨੀ ਜਥਾ ਬੰਗਾ ਵਲੋਂ ਸਰਬੱਤ ਸੰਗਤ ਦੇ ਸਹਿਯੋਗ ਨਾਲ 14 ਦਸੰਬਰ ਸਵੇਰੇ ਤੋਂ ਦੁਪਹਿਰ ਤੱਕ ਕੀਰਤਨ ਅਤੇ ਸ਼ਾਮ ਨੂੰ ਰੈਣਿ ਸਬਾਈ ਕੀਰਤਨ ਗੁ: ਪਾ: ੬ ਚਰਨ ਕੰਵਲ ਬੰਗਾ ਵਿਖੇ ਹੋਣਗੇ ਸਰਬੱਤ ਸੰਗਤ ਆਪ ਦੀਦਾਰ ਬਖਸ਼ੇ ਜੀ।

---

ਲੁਧਿਆਣਾ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਵੱਡੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਵਸ ਤੇ ਰੈਣਿ ਸਬਾਈ ਕੀਰਤਨ ਅਖੰਡ ਕੀਰਤਨੀ ਜੱਥਾ ਲੁਧਿਆਣਾ ਵਲੋਂ ਗੁ: ਦਸਮੇਸ਼ ਨਗਰ ਗਲੀ ਨੰਬਰ 7 ਗਿੱਲ ਰੋਡ ਨੇੜੇ ਕੈਂਪਾ ਕੋਲਾ ਚੌਂਕ ਵਿਖੇ 21 ਦਸੰਬਰ ਸ਼ਾਮ 5.30 ਵਜੇ ਤੋਂ 22 ਦਸੰਬਰ ਸਵੇਰੇ 7 ਵਜੇ ਤੱਕ ਰੈਣਿ ਸਬਾਈ ਕੀਰਤਨ ਹੋਣਗੇ।

---

ਸਟੇਟ ਗੁ: ਸਾਹਿਬ ਕਪੂਰਥਲਾ ਵਿਖੇ ਸਾਲਾਨਾ ਰੈਣਿ ਸਬਾਈ ਕੀਰਤਨ 28 ਦਸੰਬਰ ਰਾਤ ਨੂੰ ਹੋਣਗੇ।

### ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਪੁਰਬ ਤੇ ਕੇਂਦਰੀ ਕੀਰਤਨ ਸਮਾਗਮ ਲੁਧਿਆਣਾ ਵਿਖੇ।

ਦਸਮ ਪਾਤਸ਼ਾਹ ਦੇ ਪ੍ਰਕਾਸ਼ ਉਤਸਵ ਮਨਾਉਣ ਹਿੱਤ 12 ਜਨਵਰੀ ਤੋਂ 16 ਜਨਵਰੀ 1997 ਤੱਕ ਗੁ: ਸਿੰਘ ਸਭਾ ਮਾਡਲ ਟਾਊਨ ਲੁਧਿਆਣਾ ਵਿਖੇ ਹੇਠ ਲਿਖੇ ਅਨੁਸਾਰ ਸਮਾਗਮ ਰਚਾਏ ਜਾ ਰਹੇ ਹਨ :-

12 ਜਨਵਰੀ 1997 ਸਵੇਰ 6 ਤੋਂ 11 ਅਖੰਡ ਕੀਰਤਨ ਸਮਾਗਮ ਗੁ: ਸਾਹਿਬ ਵਿਖੇ। ਸ਼ਾਮ 5.30 ਤੋਂ 8.30 ਸੋਦਰੁ ਚੌਂਕੀ ਉਪਰੰਤ ਕੀਰਤਨ ਗੁ: ਸਾਹਿਬ ਵਿਖੇ।

13 ਜਨਵਰੀ 1997 ਸਵੇਰੇ 4.30 ਤੋਂ 7 ਵਜੇ ਤੱਕ ਸ੍ਰੀ ਆਸਾ ਦੀ ਵਾਰ ਉਪਰੰਤ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਸ਼ਾਮ 5.30 ਤੋਂ 8.30 ਸੋਦਰੁ ਚੌਂਕੀ ਉਪਰੰਤ ਕੀਰਤਨ।

14 ਜਨਵਰੀ 1997 ਸਵੇਰੇ 6 ਤੋਂ 12 ਵਜੇ ਤੱਕ ਅਖੰਡ ਕੀਰਤਨ ਗੁਰਮਤਿ ਸੰਚਾਰ ਕੇਂਦਰ (ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ ਨੇੜੇ ਸੀ. ਐਫ. ਸੀ., ਐਫ. ਬਲਾਕ ਭਾਈ ਰਣਧੀਰ ਸਿੰਘ ਨਗਰ) ਵਿਖੇ (ਸੰਗਤਾਂ ਨੂੰ ਲਿਜਾਣ ਅਤੇ ਲਿਆਉਣ ਦਾ ਪ੍ਰਬੰਧ ਗੁ: ਸਿੰਘ ਸਭਾ ਵਿਖੇ ਹੋਵੇਗਾ) ਸ਼ਾਮ 5.30 ਤੋਂ 8.30 ਅਖੰਡ ਕੀਰਤਨ ਗੁ: ਸਾਹਿਬ ਵਿਖੇ।

15 ਜਨਵਰੀ 1997 (ਪੋਹ ਸੁਦੀ ਸਤਵੀ) ਸਵੇਰੇ 5.30 ਵਜੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਗੁ: ਸਾਹਿਬ ਵਿਖੇ। ਉਪਰੰਤ 6 ਵਜੇ ਤੋਂ ਬਾਅਦ ਦੁਪਹਿਰ ਤੱਕ ਅਖੰਡ ਕੀਰਤਨ। ਸ਼ਾਮ 5.30 ਸੋਦਰੁ ਉਪਰੰਤ ਆਰੰਭ ਰੈਣਿ ਸਬਾਈ ਕੀਰਤਨ।

16 ਜਨਵਰੀ 1997 ਸਵੇਰੇ 6 ਵਜੇ ਭੋਗ ਰੈਣਿ ਸਬਾਈ ਕੀਰਤਨ।

ਅੰਮ੍ਰਿਤ ਸੰਚਾਰ ਸਮਾਗਮ:- 15 ਜਨਵਰੀ ਸ਼ਾਮ 6 ਵਜੇ ਗੁ: ਸਿੰਘ ਸਭਾ ਮਾਡਲ ਟਾਊਨ ਲੁਧਿਆਣਾ ਵਿਖੇ ਅੰਮ੍ਰਿਤ ਸੰਚਾਰ ਸਮਾਗਮ ਆਰੰਭ ਹੋਣਗੇ। ਰਿਹਾਇਸ਼ ਤੇ ਲੰਗਰ:- ਬਾਹਰੋਂ ਆਈਆਂ ਸੰਗਤਾਂ ਦੀ ਰਿਹਾਇਸ਼ ਤੇ ਲੰਗਰ ਦਾ ਪ੍ਰਬੰਧ ਗੁ: ਸਿੰਘ ਸਭਾ ਦੇ ਨਾਲ ਸਕੂਲ ਵਿਖੇ ਹੀ ਹੋਵੇਗਾ।

ਦਾਸਰੇ :- ਅਖੰਡ ਕੀਰਤਨੀ ਜੱਥਾ ਲੁਧਿਆਣਾ

---

### ਪਾਠਕਾਂ ਪ੍ਰਤੀ ਅਤਿ. ਜ਼ਰੂਰੀ ਬੇਨਤੀ

1. ਕਿਸੇ ਵੀ ਕਿਸਮ ਦੇ ਚਿੱਠੀ ਆਦਿ ਕਰਨ ਵਾਲੇ ਆਪਣਾ ਪੂਰਾ ਪਤਾ ਤੇ ਚਿੱਟ ਨੰਬਰ ਜ਼ਰੂਰ ਲਿਖੋ ਜੀ। 2. ਚੈੱਕ, ਡਰਾਫਟ ਆਦਿ ਭੇਜਣ ਵੇਲੇ ਚਿੱਠੀ ਰਾਹੀਂ ਆਪਣਾ ਪਤਾ, ਚਿੱਟ ਨੰਬਰ ਤੇ ਮਾਇਆ ਭੇਜਣ ਬਾਰੇ ਲਿਖੋ ਜੀ। 3. ਮਨੀਆਡਰ ਫ਼ਾਰਮ ਉੱਤੇ ਸੰਦੇਸ਼ ਵਾਲੀ ਥਾਂ ਤੇ ਆਪਣਾ ਪੂਰਾ ਪਤਾ, ਚਿੱਟ ਨੰਬਰ, ਮਾਇਆ ਦੀ ਗਿਣਤੀ ਤੇ ਭੇਜਣ ਦਾ ਮਨੋਰਥ ਜ਼ਰੂਰ ਲਿਖੋ ਜੀ। ਸੰਪਾਦਕ

SURA (Monthly) KOTHI No. 12, BLOCK-I BHAI RANDHIR SINGH NAGAR, LUDHIANA-141004

www.AKJ.Org